@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Thursday, 13 June 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 13 ਜੂਨ 2024, 30 ਜੇਠ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 205, qpatrika@gmail.com ਫੋਨ : 9971359517 www.qaumipatrika.org

ਪਾਨੀਪਤ 'ਚ ਕੰਬਲ ਫੈਕਟਰੀ 'ਚ ਲੱਗੀ ਭਿਆਨਕ ਅੱਗ

ਪਾਨੀਪਤ 12 ਜੂਨ। ਹਰਿਆਣਾ ਦੇ ਪਾਨੀਪਤ ਜ਼ਿਲ੍ਹੇ 'ਚ ਬੁੱਧਵਾਰ ਨੂੰ ਇਕ ਕੰਬਲ ਫੈਕਟਰੀ 'ਚ ਭਿਆਨਕ ਅੱਗ ਲੱਗ ਗਈ। ਇਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੱਤੀ। ਅੱਗ ਲੱਗਣ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਉਣ ਦੀ ਕੋਸ਼ਿਸ਼ ਜਾਰੀ ਹੈ। ਫਿਲਹਾਲ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਹੈ। ਜਾਣਕਾਰੀ ਅਨੁਸਾਰ ਪਾਨੀਪਤ ਦੇ ਸੈਕਟਰ 25 'ਚ ਸਥਿਤ ਕੰਬਲ ਫੈਕਟਰੀ 'ਚ ਅੱਗ ਲੱਗੀ ਹੈ। ਫਿਲਹਾਲ ਅੱਗ ਲੱਗਣ ਦੇ ਕਾਰਨ ਦਾ ਪਤਾ ਨਹੀਂ

ਲੱਗਾ ਹੈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ 'ਚ ਜੁਟੀਆਂ ਹੋਈਆਂ ਹਨ। ਚੌਕਸੀ ਵਜੋਂ ਅੱਗ ਨੂੰ ਦੇਖਦੇ ਹੋਏ ਨੇੜੇ-ਤੇੜੇ ਦੀਆਂ ਫੈਕਟਰੀਆਂ ਨੂੰ ਖਾਲੀ ਕਰਵਾਇਆ ਗਿਆ ਹੈ। ਦੱਸਿਆ ਗਿਆ ਹੈ ਕਿ ਅੱਗ ਲੱਗਣ ਤੋਂ ਬਾਅਦ ਫੈਕਟਰੀ 'ਚ ਕੰਮ ਕਰ ਰਹੇ ਮਜਦੂਰਾਂ ਨੇ ਕਿਸੇ ਤਰ੍ਹਾਂ ਦੌੜ ਕੇ ਆਪਣੀ ਜਾਨ ਬਚਾਈ। ਉੱਥੇ ਹੀ ਅੱਗ ਲੱਗਣ ਨਾਲ ਹੁਣ ਤੱਕ ਲੱਖਾਂ ਦਾ ਮਾਲ ਸੜ ਕੇ ਸੁਆਹ ਹੋ ਗਿਆ ਹੈ।

ਲੋਕ ਸਭਾ ਮੈਂਬਰ ਚੁਣੇ ਜਾਣ ਮਗਰੋਂ ਰਾਜ ਸਭਾ ਵਿਚ ਖਾਲੀ ਹੋਈਆਂ 10 ਸੀਟਾਂ

ਨਵੀਂ ਦਿੱਲੀ 12 ਜੂਨ। ਹਾਲ ਹੀ ਵਿਚ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਰਾਜ ਸਭਾ ਵਿਚ 10 ਸੀਟਾਂ ਖਾਲੀ ਹੋ ਗਈਆਂ ਹਨ। ਰਾਜ ਸਭਾ ਸਕੱਤਰੇਤ ਨੇ ਇਨ੍ਹਾਂ ਆਸਾਮੀਆਂ ਨੂੰ ਨੋਟੀਫਾਈਡ ਕੀਤਾ ਹੈ। ਇਸ ਵਿਚ ਆਸਾਮ, ਬਿਹਾਰ ਅਤੇ ਮਹਾਰਾਸ਼ਟਰ 'ਚ ਦੋ-ਦੋ, ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ ਤੇ ਤ੍ਰਿਪੁਰਾ ਵਿਚ ਇਕ-ਇਕ ਆਸਾਮੀਆਂ ਸ਼ਾਮਲ ਹਨ। ਇਹ ਆਸਾਮੀਆਂ ਕਾਮਾਖਿਆ ਪ੍ਰਸਾਦ ਤਾਸਾ (ਆਸਾਮ), ਸਰਬਾਨੰਦ ਸੋਨੋਵਾਲ (ਆਸਾਮ), ਮੀਸਾ ਭਾਰਤੀ (ਬਿਹਾਰ), ਵਿਵੇਕ ਠਾਕੁਰ (ਬਿਹਾਰ), ਦੀਪੇਂਦਰ ਸਿੰਘ ਹੁੱਡਾ (ਹਰਿਆਣਾ), ਜੋਤੀਰਾਦਿੱਤਿਆ ਸਿੰਧੀਆ (ਮੱਧ ਪ੍ਰਦੇਸ), ਉਦਯਨਰਾਜੇ ਭੌਂਸਲੇ (ਮਹਾਰਾਸਟਰ), ਪੀਯੂਸ਼ ਗੋਇਲ (ਮਹਾਰਾਸਟਰ), ਕੇ. ਸੀ. ਵੇਣੂਗੋਪਾਲ (ਰਾਜਸਥਾਨ) ਅਤੇ ਬਿਪਲਬ ਕੁਮਾਰ ਦੇਬ (ਤ੍ਰਿਪੁਰਾ) ਨਾਲ ਜੁੜੇ ਹਨ। ਇਹ ਸਾਰੇ ਹਾਲ ਹੀ ਵਿਚ ਸੰਪੰਨ ਲੋਕ ਸਭਾ ਚੋਣਾਂ ਵਿਚ ਜੇਤੂ ਹੋਏ ਹਨ। ਸੀਟਾਂ ਦੀਆਂ ਖਾਲੀ ਆਸਾਮੀਆਂ ਦਾ ਵੇਰਵਾ ਦਿੰਦੇ ਹੋਏ ਆਪਣੇ ਨੋਟੀਫਿਕੇਸ਼ਨ ਵਿਚ ਰਾਜ ਸਭਾ ਸਕੱਤਰੇਤ ਨੇ ਕਿਹਾ ਕਿ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 69 ਦੀ ਉਪ-ਧਾਰਾ (2) ਦੇ ਨਾਲ-ਨਾਲ ਧਾਰਾ 67ਏ ਅਤੇ ਧਾਰਾ 68 ਦੀ ਉਪ-ਧਾਰਾ (4) ਦੇ ਪ੍ਰਾਵਧਾਨ ਦੀ ਪਾਲਣਾ ਵਿਚ, 18ਵੀਂ ਲੋਕ ਸਭਾ ਦੇ ਮੈਂਬਰ ਵਜੋਂ ਚੁਣੇ ਜਾਣ ਦੀ ਮਿਤੀ ਭਾਵ 4 ਜੂਨ, 2024 ਤੋਂ ਰਾਜ ਸਭਾ ਦੇ ਮੈਂਬਰ ਨਹੀਂ ਰਹੇ। ਇਸ ਨੋਟੀਫਿਕੇਸਨ ਤੋਂ ਬਾਅਦ ਹੁਣ ਚੋਣ ਕਮਿਸਨ ਰਾਜਾਂ ਦੀ ਕੌਂਸਲ ਵਿਚ ਇਨ੍ਹਾਂ ਖਾਲੀ ਆਸਾਮੀਆਂ ਨੂੰ ਭਰਨ ਲਈ ਚੋਣਾਂ ਦੀਆਂ ਨਵੀਆਂ ਤਾਰੀਖਾਂ ਦਾ ਐਲਾਨ ਕਰੇਗਾ।

ਕੀ ਪ੍ਰਧਾਨ ਮੰਤਰੀ ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਦਿਵਾਉਣਗੇ? ਜੈਰਾਮ ਰਮੇਸ਼

ਨਵੀਂ ਦਿੱਲੀ 12 ਜੂਨ। ਤੇਲਗੂ ਦੇਸਮ ਪਾਰਟੀ () ਦੇ ਨੇਤਾ ਐੱਨ. ਚੰਦਰਬਾਬੂ ਨਾਇਡੂ ਨੇ ਆਂਧਰਾ ਪ੍ਰਦੇਸ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਇਸ ਦਰਮਿਆਨ ਕਾਂਗਰਸ ਨੇ ਬੁੱਧਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਪੱਸਟ ਕਰਨਾ ਚਾਹੀਦਾ ਹੈ ਕਿ ਕੀ ਉਹ ਦੱਖਣੀ ਭਾਰਤ ਦੇ ਇਸ ਸੂਬੇ ਨੂੰ ਵਿਸੇਸ ਦਰਜਾ ਦਿਵਾਉਣਗੇ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ ਨੇ ਇਹ ਵੀ ਕਿਹਾ ਕਿ ਜਦੋਂ ਤੱਕ ਨਾਇਡੂ ਇਸ ਮੁੱਦੇ ਨੂੰ ਜੋਰਦਾਰ ਢੰਗ ਨਾਲ ਨਹੀਂ ਚੁੱਕਦੇ, ਉਦੋਂ ਤੱਕ ਪ੍ਰਧਾਨ ਮੰਤਰੀ ਵੱਲੋਂ ਕੋਈ ਕਦਮ ਚੁੱਕਣ ਦੀ ਉਮੀਦ ਘੱਟ ਹੈ। ਰਮੇਸ ਨੇ ਸੋਸਲ ਮੀਡੀਆ ਪਲੇਟਫਾਰਮ 'ਤੇ 'ਐਕਸ' 'ਤੇ ਪੋਸਟ ਕੀਤਾ ਕਿ ਮੈਂ ਇਕ ਭਾਸ਼ਣ 7 ਸਾਲ ਪਹਿਲਾਂ ਰਾਜ ਸਭਾ ਵਿਚ 2014 ਦੇ ਆਂਧਰਾ ਪ੍ਰਦੇਸ਼ ਮੁੜ ਗਠਨ ਐਕਟ ਦੇ ਵਾਅਦੇ ਨੂੰ ਪੂਰਾ ਕਰਨ 'ਚ ਮੋਦੀ ਸਰਕਾਰ ਦੀ ਅਸਫਲਤਾ ਬਾਰੇ ਦਿੱਤਾ ਸੀ। ਬਦਕਿਸਮਤੀ ਨਾਲ ਇਹ ਅੱਜ ਵੀ ਸੱਚ ਹੈ। ਜਦੋਂ ਤੱਕ ਨਾਇਡੂ ਇਸ ਮੁੱਦੇ ਨੂੰ ਜੋਰਦਾਰ ਢੰਗ ਨਾਲ ਨਹੀਂ ਚੁੱਕਦੇ, ਉਦੋਂ ਤੱਕ ਪ੍ਰਧਾਨ ਮੰਤਰੀ ਵੱਲੋਂ ਕੋਈ ਕਦਮ ਚੁੱਕਣ ਦੀ ਉਮੀਦ ਘੱਟ ਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਇਹ ਸਪੱਸਟ ਕਰਨਾ ਚਾਹੀਦਾ ਹੈ ਕਿ ਕੀ ਉਹ ਆਂਧਰਾ ਪ੍ਰਦੇਸ ਨੂੰ ਵਿਸੇਸ ਦਰਜਾ ਦਿਵਾਉਣਗੇ ਜਿਵੇਂ ਕਿ ਉਨ੍ਹਾਂ ਨੇ ਮਾਰਚ 2014 ਵਿਚ ਪਵਿੱਤਰ ਸਹਿਰ ਤਿਰੂਪਤੀ 'ਚ ਵਾਅਦਾ ਕੀਤਾ ਸੀ। ਕਾਂਗਰਸ ਨੇਤਾ ਨੇ ਪ੍ਰਧਾਨ ਮੰਤਰੀ ਨੂੰ ਇਹ ਵੀ ਪੁੱਛਿਆ ਕਿ ਕੀ ਉਹ ਆਖਰਕਾਰ ਏ.ਪੀ. ਮੁੜ ਗਠਨ ਕਾਨੂੰਨ ਵਿਚ ਕੀਤੀਆਂ ਗਈਆਂ ਵੱਖ-ਵੱਖ ਵਚਨਬੱਧਤਾਵਾਂ ਨੂੰ ਮਨਜੂਰੀ ਦੇਣਗੇ। ਜਿਸ ਵਿਚ ਕਡਪਾ ਸਟੀਲ ਪਲਾਂਟ, ਦੁੱਗੀਰਾਜੁਪਟਨਮ ਬੰਦਰਗਾਹ, ਕਾਕੀਨਾਡਾ ਪੈਟਰੋ ਕੰਪਲੈਕਸ ਅਤੇ ਸੂਬੇ ਲਈ ਇਕ ਖੇਤੀਬਾੜੀ ਯੂਨੀਵਰਸਿਟੀ ਸਾਮਲ ਹਨ

ਲੀਕ ਨਾ ਹੋਵੇ ਜਾਣਕਾਰੀ, ਪ੍ਰਧਾਨ ਮੰਤਰੀ ਮੋਦੀ ਨੇ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਲਈ ਅਪਣਾਇਆ ਨਵਾਂ ਪੈਂਤੜਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 12 ਜੂਨ। ਮੋਦੀ ਸਰਕਾਰ ਇਸ ਗੱਲ ਦਾ ਪੂਰਾ ਧਿਆਨ ਰੱਖਦੀ ਹੈ ਕਿ ਉਸ ਦੇ ਨੀਤੀਗਤ ਫੈਸਲੇ ਲੀਕ ਨਾ ਹੋਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਸਰਕਾਰ ਦੇ ਫੈਸਲਿਆਂ ਵਿਚ ਬਾਹਰੀ ਦਖਲ ਨੂੰ ਬਿਲਕੁੱਲ ਪਸੰਦ ਨਹੀਂ ਕਰਦੇ। ਇਸ ਕਾਰਨ ਛੋਟੇ ਤੋਂ ਛੋਟੇ ਫੈਸਲਿਆਂ ਨੂੰ ਗੁਪਤ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਵਾਰ ਜਦੋਂ ਨਵੀਂ ਕੈਬਨਿਟ ਨੇ ਸਹੁੰ ਚੁੱਕੀ ਤਾਂ ਮੰਤਰੀਆਂ ਵਿਚਾਲੇ ਵਿਭਾਗਾਂ ਦੀ ਵੰਡ ਨੂੰ ਗੁਪਤ ਰੱਖਣ ਲਈ ਨਵਾਂ ਰਸਤਾ ਅਪਣਾਇਆ ਗਿਆ। ਮੰਤਰੀਆਂ ਨੂੰ ਜਦੋਂ ਪਹਿਲੀ ਕੈਬਨਿਟ ਮੀਟਿੰਗ ਲਈ ਬੁਲਾਇਆ ਗਿਆ ਤਾਂ ਉਨ੍ਹਾਂ ਨੂੰ ਲਿਫਾਫਿਆਂ ਵਿਚ ਜਾਣਕਾਰੀ ਦਿੱਤੀ ਗਈ ਕਿ ਉਨ੍ਹਾਂ ਨੂੰ ਕਿਹੜਾ ਵਿਭਾਗ ਮਿਲਿਆ ਹੈ। ਮੋਦੀ ਸਰਕਾਰ 3.0 'ਚ ਮੰਤਰੀਆਂ ਨੂੰ ਕੈਬਨਿਟ ਦਾ ਦਰਜਾ ਮਿਲਿਆ ਹੈ। 30 ਕੈਬਨਿਟ ਮੰਤਰੀਆਂ ਨੂੰ ਲਿਫਾਫੇ ਦਿੱਤੇ ਗਏ, ਜਿਸ ਵਿਚ ਨਾ ਸਿਰਫ ਉਨ੍ਹਾਂ ਦਾ ਆਪਣਾ ਵਿਭਾਗ ਦੱਸਿਆ ਗਿਆ ਸੀ ਸਗੋਂ ਉਨ੍ਹਾਂ ਦੇ ਅਧੀਨ ਰਾਜ ਮੰਤਰੀਆਂ ਦੇ ਨਾਂ ਵੀ ਲਿਖੇ ਸਨ। ਦਰਅਸਲ ਸਹੁੰ ਚੁੱਕਣ ਮਗਰੋਂ ਮੰਤਰੀ ਆਪਣੇ ਵਿਭਾਗ ਦੀ ਜਾਣਕਾਰੀ ਲਈ ਟੈਲੀਵਿਜਨ ਸੈੱਟ ਨਾਲ ਚਿਪਕੇ ਰਹੇ। ਨਾਲ ਹੀ ਉਹ ਰਾਸ਼ਟਰਪਤੀ ਭਵਨ ਦੀ

ਵੈੱਬਸਾਈਟ 'ਤੇ ਵੀ ਚੈਕ ਕਰ ਰਹੇ ਸਨ ਕਿ ਹੁਣ ਲਿਸਟ ਆਵੇਗੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਵਿਭਾਗਾਂ ਦਾ ਪਤਾ ਲੱਗ ਜਾਵੇਗਾ ਪਰ 18 ਘੰਟੇ ਦੀ ਉਡੀਕ ਮਗਰੋਂ ਵੀ ਉਨ੍ਹਾਂ ਨੂੰ ਨਾ ਟੈਲੀਵਿਜਨ ਅਤੇ ਨਾ ਹੀ ਵੈੱਬਸਾਈਟ ਤੋਂ ਕੋਈ ਜਾਣਕਾਰੀ ਨਹੀਂ ਮਿਲੀ ਸਗੋਂ ਲਿਫਾਫੇ ਜਰੀਏ ਵਿਭਾਗ ਦਾ ਪਤਾ ਲੱਗਾ। ਮੰਤਰੀਆਂ ਦੀ ਉਡੀਕ ਉਦੋਂ ਖਤਮ ਹੋਈ, ਜਦੋਂ ਉਹ ਨਵੀਂ ਸਰਕਾਰ ਦੀ ਪਹਿਲੀ ਕੈਬਨਿਟ ਮੀਟਿੰਗ ਲਈ ਲੋਕ ਕਲਿਆਣ ਮਾਰਗ ਪਹੁੰਚੇ। ਸੂਤਰਾਂ ਨੇ ਸਾਡੇ ਸਹਿਯੋਗੀ ਅਖਬਾਰ 'ਦਿ ਟਾਈਮਜ ਆਫ ਇੰਡੀਆ' () ਨੂੰ ਦੱਸਿਆ ਕਿ ਉਨ੍ਹਾਂ ਦੇ ਸਵਾਗਤ ਲਈ ਉਨ੍ਹਾਂ ਦੀਆਂ ਸੀਟਾਂ 'ਤੇ ਇਕ ਲਿਫਾਫਾ ਰੱਖਿਆ ਗਿਆ ਸੀ, ਜਿਸ ਵਿਚ ਉਨ੍ਹਾਂ ਦੇ ਵਿਭਾਗਾਂ ਦੇ ਨਾਲ-ਨਾਲ ਉਨ੍ਹਾਂ ਦੇ ਮੰਤਰਾਲਿਆਂ ਨਾਲ ਜੁੜੇ ਰਾਜ ਮੰਤਰੀਆਂ ਦੇ ਨਾਂ ਵੀ ਸਨ। ਦਰਅਸਲ 2014 ਵਿਚ ਸਹੁੰ ਚੁੱਕ ਸਮਾਰੋਹ ਦੇ ਦਿਨ ਕਈ ਵਿਭਾਗਾਂ ਬਾਰੇ ਜਾਣਕਾਰੀ ਲੀਕ ਹੋ ਗਈ ਸੀ। ਇਸ ਲਈ ਇਸ ਵਾਰ ਕੈਬਨਿਟ ਮੀਟਿੰਗ ਤੱਕ ਮੀਡੀਆ ਨੂੰ ਵੀ ਭਿਣਕ ਤੱਕ ਨਹੀਂ ਲੱਗੀ। ਨਤੀਜੇ ਵਜੋਂ ਕੈਬਨਿਟ ਮੀਟਿੰਗ ਖਤਮ ਹੋਣ ਮਗਰੋਂ ਸ਼ਾਮ 6.30 ਵਜੇ ਮਗਰੋਂ ਟੀ. ਵੀ. ਸਕ੍ਰੀਨ ਅਤੇ ਵੈੱਬਸਾਈਟਾਂ 'ਤੇ ਨਾਂ ਵਿਖਾਏ ਜਾਣ ਲੱਗੇ। ਸ਼ਾਮ 7.30 ਵਜੇ ਮੰਤਰੀਆਂ ਦੀ ਅੰਤਿਮ ਸੂਚੀ ਜਾਰੀ ਕੀਤੀ ਗਈ। ਓਧਰ ਸਰਕਾਰ 'ਤੇ ਨਜਰ ਰੱਖਣ ਵਾਲਿਆਂ ਦਾ ਕਹਿਣਾ ਹੈ ਕਿ ਸ਼ਾਇਦ ਪਹਿਲੀ ਵਾਰ ਹੈ, ਜਦੋਂ ਮੰਤਰੀਆਂ ਨੂੰ ਉਨ੍ਹਾਂ ਦੇ ਵਿਭਾਗਾਂ ਬਾਰੇ ਕਾਗਜ 'ਤੇ ਲਿਖ ਕੇ ਲਿਫਾਫੇ 'ਚ ਰੱਖਿਆ ਗਿਆ।

ਪਿਛਲੇ 4 ਦਹਾਕਿਆਂ 'ਚ 40 ਫੀਸਦੀ ਵਧੀ ਨਾਈਟਰਸ ਆਕਸਾਈਡ ਦੀ ਨਿਕਾਸੀ

ਨਵੀਂ ਦਿੱਲੀ 12 ਜੂਨ। ਧਰਤੀ ਨੂੰ ਗਰਮ ਕਰਨ ਵਾਲੀ ਨਾਈਟਰਸ ਆਕਸਾਈਡ (ਐੱਨ2ਓ) ਦੀ ਨਿਕਾਸੀ 'ਚ ਸਾਲ 1980 ਤੋਂ 2020 ਦੇ ਦਰਮਿਆਨ 40 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਗੈਸ ਦੀ ਨਿਕਾਸੀ 'ਚ ਚੀਨ ਸਭ ਤੋਂ ਵੱਡਾ ਹਿੱਸੇਦਾਰ ਹੈ, ਜਿਸ ਤੋਂ ਬਾਅਦ ਭਾਰਤ ਅਤੇ ਅਮਰੀਕਾ ਦਾ ਸਥਾਨ ਹੈ। ਇਕ ਨਵੀਂ ਰਿਪੋਰਟ 'ਚ ਇਸ ਗੱਲ ਦੀ ਜਾਣਕਾਰੀ ਸਾਹਮਣੇ ਆਈ ਹੈ। ਜਲਵਾਯੂ ਵਿਗਿਆਨੀਆਂ ਦੇ ਇਕ ਸਮੂਹ 'ਗਲੋਬਲ ਕਾਰਬਨ ਪ੍ਰਾਜੈਕਟ' ਵੱਲੋਂ ਕੀਤੇ ਗਏ ਅਧਿਐਨ 'ਚ ਇਹ ਵੀ ਸਾਹਮਣੇ ਆਇਆ ਕਿ ਪਿਛਲੇ ਦਹਾਕੇ 'ਚ 74 ਫ਼ੀਸਦੀ ਨਾਈਟਰਸ ਆਕਸਾਈਡ ਨਿਕਾਸੀ ਖੇਤੀਬਾੜੀ 'ਚ ਨਾਈਟਰੋਜਨ ਖਾਦਾਂ ਅਤੇ ਪਸ਼ੂ ਖੁਰਾਕ ਦੀ ਵਰਤੋਂ ਨਾਲ ਹੋਇਆ ਹੈ। ਇਸ ਅਧਿਐਨ ਮੁਤਾਬਕ, ਨਾਈਟਰਸ ਆਕਸਾਈਡ ਦੀ ਨਿਕਾਸੀ ਕਰਨ ਵਾਲੇ ਚੋਟੀ ਦੇ 10 ਦੇਸ਼ਾਂ 'ਚ ਚੀਨ, ਭਾਰਤ, ਅਮਰੀਕਾ, ਬ੍ਰਾਜੀਲ, ਰੂਸ, ਪਾਕਿਸਤਾਨ, ਆਸਟ੍ਰੇਲੀਆ, ਇੰਡੋਨੇਸ਼ੀਆ, ਤੁਰਕੀ ਅਤੇ ਕੈਨਾਡਾ ਹਨ। ਕਾਰਬਨ ਡਾਇਆਕਸਾਈਡ ਅਤੇ ਮੀਥੇਨ ਤੋਂ ਬਾਅਦ ਨਾਈਟਰਸ ਆਕਸਾਈਡ ਤੀਜੀ ਸਭ ਤੋਂ ਮਹੱਤਵਪੂਰਣ ਗਰੀਨਹਾਊਸ ਗੈਸ ਹੈ ਅਤੇ ਪਿਛਲੇ 100 ਸਾਲਾਂ 'ਚ ਇਹ ਗੈਸ ਕਾਰਬਨ ਡਾਇਆਕਸਾਈਡ ਨਾਲੋਂ 273 ਗੁਣਾ ਜ਼ਿਆਦਾ ਅਸਰਕਾਰਕ ਰਹੀ ਹੈ।

ਪ੍ਰਿਯੰਕਾ ਵਾਰਾਣਸੀ ਤੋਂ ਚੋਣ ਲੜਦੀ ਤਾਂ 2-3 ਲੱਖ ਵੋਟਾਂ ਨਾਲ ਹਾਰ ਜਾਣਾ ਸੀ ਮੋਦੀ ਨੇ : ਰਾਹੁਲ ਗਾਂਧੀ

ਏਜੰਸੀਆਂ

ਰਾਏਬਰੇਲੀ 12 ਜੂਨ। ਰਾਏਬਰੇਲੀ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਰਾਹੁਲ ਗਾਂਧੀ ਨੇ ਸੰਪਨ ਹੋਈਆਂ ਲੋਕ ਸਭਾ ਦੀਆਂ ਚੋਣਾਂ 'ਚ ਨਫਰਤ, ਹਿੰਸਾ ਅਤੇ ਹੰਕਾਰ ਵਿਰੁੱਧ ਵੋਟ ਪਾਉਣ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਜੇ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਵਾਰਾਣਸੀ ਤੋਂ ਚੋਣ ਲੜੀ ਹੁੰਦੀ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੋ-ਤਿੰਨ ਲੱਖ ਵੋਟਾਂ ਨਾਲ ਹਾਰ ਗਏ ਹੁੰਦੇ। ਮੰਗਲਵਾਰ ਇੱਥੇ 'ਆਭਾਰ ਸਭਾ' 'ਚ ਰਾਹੁਲ ਨੇ ਕਿਹਾ ਕਿ ਦੇਸ਼ ਨੇ ਇਨ੍ਹਾਂ ਚੋਣ 'ਚ ਸੰਦੇਸ ਦਿੱਤਾ ਹੈ ਕਿ ਸਾਨੂੰ ਨਰਿੰਦਰ ਮੋਦੀ ਜੀ ਦਾ ਵਿਜਨ ਪਸੰਦ ਨਹੀਂ । ਅਸੀਂ ਨਫਰਤ ਨਹੀਂ ਚਾਹੁੰਦੇ, ਅਸੀਂ ਹਿੰਸਾ ਨਹੀਂ ਚਾਹੁੰਦੇ। ਸਾਨੂੰ ਮੁਹੱਬਤ ਦੀ ਦੁਕਾਨ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਦੇਸ ਲਈ ਇਕ ਨਵੇਂ ਵਿਜਨ ਦੀ ਲੋੜ ਹੈ। ਜੇ ਦੇਸ ਨੂੰ ਨਵਾਂ ਦ੍ਰਿਸਟੀਕੋਣ ਦੇਣਾ ਹੈ ਤਾਂ ਉਹ ਉੱਤਰ ਪ੍ਰਦੇਸ ਤੋਂ ਹੀ ਦੇਣਾ ਹੋਵੇਗਾ। ਉੱਤਰ ਪ੍ਰਦੇਸ ਨੇ ਇਹ ਸੰਦੇਸ ਦਿੱਤਾ ਹੈ ਕਿ ਅਸੀਂ ਪ੍ਰਦੇਸ਼ ਅਤੇ ਦੇਸ 'ਚ 'ਇੰਡੀਆ' ਗੱਠਜੋੜ, ਸਮਾਜਵਾਦੀ ਪਾਰਟੀ ਅਤੇ ਕਾਂਗਰਸ ਚਾਹੁੰਦੇ ਹਾਂ। ਅਯੁੱਧਿਆ ਸੀਟ 'ਤੇ ਭਾਰਤੀ ਜਨਤਾ ਪਾਰਟੀ ਦੀ ਹਾਰ ਦਾ ਜ਼ਿਕਰ ਕਰਦੇ ਹੋਏ ਰਾਹੁਲ

ਨੇ ਕਿਹਾ ਕਿ ਜਵਾਬ ਅਯੁੱਧਿਆ ਦੇ ਲੋਕਾਂ ਨੇ ਦੇ ਦਿੱਤਾ ਹੈ। ਅਯੁੱਧਿਆ 'ਚ ਹੀ ਨਹੀਂ, ਵਾਰਾਣਸੀ 'ਚ ਵੀ ਪ੍ਰਧਾਨ ਮੰਤਰੀ ਆਪਣੀ ਜਾਨ ਬਚਾਅ ਕੇ ਬਾਹਰ ਆਏ ਹਨ। ਰਾਹੁਲ ਨੇ ਕਿਹਾ ਕਿ ਮੈਂ ਆਪਣੀ ਭੈਣ ਪ੍ਰਿਯੰਕਾ ਨੂੰ ਕਿ ਹਾ ਕਿ ਜੇ ਉਹ ਵਾਰਾਣਸੀ ਤੋਂ ਚੋਣ ਲੜਦੀ ਤਾਂ ਪ੍ਰਧਾਨ ਮੰਤਰੀ ਦੋ-ਤਿੰਨ ਲੱਖ ਵੋਟਾਂ ਨਾਲ ਹਾਰ ਜਾਂਦੇ। ਮੈਂ ਇਹ ਹੰਕਾਰ 'ਚ ਨਹੀਂ ਕਹਿ ਰਿਹਾ, ਸਗੋਂ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਲੋਕਾਂ ਨੇ ਪ੍ਰਧਾਨ ਮੰਤਰੀ ਨੂੰ ਸੰਦੇਸ ਦਿੱਤਾ ਹੈ ਕਿ ਸਾਨੂੰ ਉਨ੍ਹਾਂ ਦੀ ਸਿਆਸਤ ਪਸੰਦ ਨਹੀਂ। ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਚੋਣਾਂ 'ਚ 'ਇੰਡੀਆ' ਗੱਠਜੋੜ ਦੀ ਸਫਲਤਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨਤੀਜੇ ਰਾਹੀਂ ਅਵਧ ਤੋਂ ਸਾਰੇ ਉੱਤਰ ਪ੍ਰਦੇਸ ਤੇ ਪੂਰੇ ਦੇਸ ਨੂੰ ਸੁਨੇਹਾ ਗਿਆ ਕਿ ਲੋਕਾਂ ਨੂੰ ਇਕ ਸਮਰਪਿਤ, ਸੱਚੀ ਅਤੇ ਸਾਫ ਸਿਆਸਤ ਚਾਹੀਦੀ ਹੈ। ਰਾਏਬਰੇਲੀ ਤੇ ਅਮੇਠੀ ਲੋਕ ਸਭਾ ਹਲਕਿਆਂ 'ਚ ਕਾਂਗਰਸ ਦੀ ਜਿੱਤ ਲਈ ਲੋਕਾਂ ਦਾ ਧੰਨਵਾਦ ਕਰਨ ਲਈ ਇੱਥੇ ਆਯੋਜਿਤ ਧੰਨਵਾਦ ਸਭਾ 'ਚ ਪ੍ਰਿਯੰਕਾ ਨੇ ਕਿਹਾ ਕਿ ਸਮਾਜਵਾਦੀ ਪਾਰਟੀ ਦੇ ਮੇਰੇ ਸਾਰੇ ਸਾਥੀਆਂ ਨੇ ਸਾਡੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਚੋਣਾਂ ਲੜੀਆਂ।

ਅਖਿਲੇਸ਼ ਯਾਦਵ ਨੇ ਕੰਨੌਜ ਤੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਛੱਡੀ

2 ਸਾਲ ਪਹਿਲਾਂ ਬਹਿਰੀਨ ਗਈ ਸੰਗਰੂਰ ਦੀ ਕੁੜੀ ਦੀ ਸ਼ੱਕੀ ਹਾਲਾਤ 'ਚ ਮੌਤ

ਸ਼ੇਰਪੁਰ 12 ਜੂਨ। ਜ਼ਿਲ੍ਹਾ ਸੰਗਰੂਰ ਦੇ ਬਲਾਕ ਸ਼ੇਰਪੁਰ ਅਧੀਨ ਪਿੰਡ ਟਿੱਬਾ ਦੇ ਦਰਸ਼ਨ ਸਿੰਘ ਦੀ ਧੀ ਹਰਜਿੰਦਰ ਕੌਰ (24) ਦੋ ਸਾਲ ਪਹਿਲਾਂ ਚੰਗੇ ਭਵਿੱਖ ਦੀ ਤਲਾਸ਼ 'ਚ ਇਕ ਏਜੰਟ ਰਾਹੀਂ ਬਹਿਰੀਨ ਗਈ ਹੋਈ ਸੀ। ਹੁਣ ਉਸ ਦੀ ਬਹਿਰੀਨ ਵਿਚ ਭੇਤਭਰੀ ਹਾਲਤ 'ਚ ਮੌਤ ਹੋ ਜਾਣ ਦੀ ਦੁਖਦ ਸੂਚਨਾ ਮਿਲੀ ਹੈ। 'ਹੋਪ ਫਾਰ ਮਹਿਲ ਕਲਾਂ' ਦੇ ਕਨਵੀਨਰ ਕੁਲਵੰਤ ਸਿੰਘ ਟਿੱਬਾ ਦੀ ਹਾਜ਼ਰੀ 'ਚ ਮਰਹੂਮ ਦੇ ਭਰਾ ਮਨਜਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਭੈਣ 24 ਮਾਰਚ 2024 ਨੂੰ ਛੇ ਹਫਤਿਆਂ ਦੀਆਂ ਛੁੱਟੀਆਂ ਕੱਟ ਕੇ ਵਾਪਸ ਬਹਿਰੀਨ ਗਈ ਸੀ, ਜਿੱਥੇ ਉਹ ਇਕ ਸ਼ੇਖ ਦੇ ਘਰ ਕੰਮ ਕਰਦੀ ਸੀ। ਬੀਤੇ ਦਿਨੀਂ ਸਾਨੂੰ ਫੋਨ 'ਤੇ ਖਬਰ ਮਿਲੀ ਕਿ ਤੁਹਾਡੀ ਕੁੜੀ ਨੇ ਖੁਦਕੁਸ਼ੀ ਕਰ ਲਈ ਹੈ। ਹਰਜਿੰਦਰ ਦੇ ਮੌਤ ਦੀ ਖਬਰ ਮਿਲਣ ਤੋਂ ਬਾਅਦ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੋ ਗਿਆ ਹੈ। ਧੀ ਦੀ ਲਾਸ਼ ਲਿਆਉਣ ਲਈ ਆਰਥਿਕ ਤੰਗੀਆਂ ਨਾਲ ਜੂਝ ਰਹੇ ਮਜ਼ਦੂਰ ਪਰਿਵਾਰ ਨੇ ਕੇਂਦਰ, ਪੰਜਾਬ ਸਰਕਾਰ ਅਤੇ ਭਾਰਤੀ ਦੂਤਾਵਾਸ ਨੂੰ ਅਪੀਲ ਕੀਤੀ ਹੈ। ਉਨ੍ਹਾਂ ਵੱਲੋਂ ਭੇਜੇ ਮੇਲ ਸੰਦੇਸ਼ ਰਾਹੀਂ ਧੀ ਦੀ ਮੌਤ ਦੇ ਕਾਰਨਾਂ ਦੀ ਉੱਚ-ਪੱਧਰੀ ਜਾਂਚ ਵੀ ਮੰਗੀ ਹੈ। ਪਰਿਵਾਰ ਨੇ ਕਿਹਾ ਉਨ੍ਹਾਂ ਦੀ ਲੜਕੀ ਖੁਦਕੁਸ਼ੀ ਨਹੀਂ ਕਰ ਸਕਦੀ। ਉਨ੍ਹਾਂ ਕੁਝ ਦਿਨ ਪਹਿਲਾਂ ਲੜਕੀ ਵੱਲੋਂ ਭੇਜੇ ਇਕ ਆਡਿਓ ਕਲਿੱਪ ਦਾ ਵੀ ਜ਼ਿਕਰ ਕੀਤਾ। ਇਸ ਦੇ ਨਾਲ ਹੀ 'ਹੋਪ ਫਾਰ ਮਹਿਲ ਕਲਾਂ' ਦੇ ਆਗੂ ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਉਹ ਮ੍ਰਿਤਕ ਲੜਕੀ ਦੀ ਲਾਸ਼ ਲਿਆਉਣ ਤੱਕ ਪਰਿਵਾਰ ਦੀ ਡਟ ਕੇ ਮਦਦ ਕਰਨਗੇ। ਜਿ?ਕਰਯੋਗ ਹੈ ਕਿ ਮਰਹੂਮ ਦੇ ਪਿਤਾ ਦਰਸ਼ਨ ਸਿੰਘ ਸਾਈਕਲ ਸਕੂਟਰਾਂ ਦੇ ਪੈਂਚਰ ਲਾਉਣ ਦਾ ਕੰਮ ਕਰਦਾ ਹੈ ਤੇ ਮਾਤਾ ਜਸਵੀਰ ਕੌਰ ਨਰੇਗਾ ਮਜ਼ਦੂਰ ਅਤੇ ਭਰਾ ਵੀ ਮਿਹਨਤ ਮਜ਼ਦੂਰੀ ਕਰਦਾ ਹੈ। ਪਰਿਵਾਰ ਦੀ ਹਾਲਤ ਸੁਧਾਰਨ ਦੇ ਲਈ ਉਹ ਬਹਿਰੀਨ ਗਈ ਹੋਈ ਸੀ। ਇਸ ਮਾਮਲੇ ਦੇ ਸਬੰਧ ਵਿਚ ਐੱਸ.ਡੀ.ਐੱਮ. ਧੂਰੀ ਅਮਿਤ ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਜਾਣਕਾਰੀ ਨਹੀਂ ਪਰ ਡੀ.ਸੀ. ਦਫਤਰ ਦੇ ਐੱਮ.ਈ. ਬ੍ਰਾਂਚ ਨੂੰ ਦਿੱਤੀ ਦਰਖਾਸਤ ਮਗਰੋਂ ਮਾਮਲੇ ਦਾ ਹੱਲ ਹੋਵੇਗਾ ਅਤੇ ਉਹ ਮਜ਼ਦੂਰ ਪਰਿਵਾਰ ਦੀ ਲੋੜੀਂਦੀ ਮਦਦ ਜਰੂਰ ਕਰਨਗੇ।

ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ

ਟਾਂਡਾ ਉੜਮੁੜ 12 ਜੂਨ। ਟਾਂਡਾ ਪੁਲਸ ਨੇ ਇਲਾਕੇ ਦੇ ਦੋ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ 3 ਵਿਅਕਤੀਆਂ ਖਿ?ਲਾਫ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਥਾਣਾ ਮੁਖੀ ਟਾਂਡਾ ਐੱਸ. ਆਈ. ਰਮਨ ਕੁਮਾਰ ਨੇ ਦੱਸਿਆ ਕਿ ਪਹਿਲਾ ਮਾਮਲਾ ਸੁਖਵੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਸਹਿਬਾਜ਼ਪੁਰ ਦੇ ਬਿਆਨ ਦੇ ਆਧਾਰ 'ਤੇ ਸੁਨੀਲ ਪੁੱਤਰ ਨਿਰਮਲ ਸਿੰਘ ਵਾਸੀ ਜੱਕੋਪੁਰ (ਸ਼ਾਹਕੋਟ) ਜਲੰਧਰ ਖਿ?ਲਾਫ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਸੁਖਵੀਰ ਨੇ ਦੋਸ਼ ਲਾਇਆ ਕਿ ਉਕਤ ਮੁਲਜ਼ਮ ਨੇ ਉਸ ਦੇ ਪੁੱਤਰ ਗਗਨਵੀਰ ਸਿੰਘ ਨੂੰ ਅਮਰੀਕਾ ਦਾ ਵਰਕ ਪਰਮਿਟ ਵੀਜ਼ਾ ਲਗਵਾਉਣ ਦਾ ਝਾਂਸਾ ਦੇ ਕੇ 9 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਦੂਜਾ ਮਾਮਲਾ ਅਵਤਾਰ ਸਿੰਘ ਪੁੱਤਰ ਬਤਨ ਸਿੰਘ ਵਾਸੀ ਲੋਧੀਚੱਕ ਦੇ ਬਿਆਨ ਦੇ ਆਧਾਰ 'ਤੇ ਬਲਬੀਰ ਸਿੰਘ ਪੁੱਤਰ ਲਾਲ ਚੰਦ ਵਾਸੀ ਪਠਾਨਕੋਟ ਬਾਈਪਾਸ ਜਲੰਧਰ ਹਾਲ ਵਾਸੀ ਰਵਿਦਾਸਪੁਰਾ ਜਲੰਧਰ ਅਤੇ ਵਿਵੇਕ ਬੱਧਣ ਪੁੱਤਰ ਰਾਮ ਲੁਭਾਇਆ ਵਾਸੀ ਮੁਹੱਲਾ ਸੰਤੋਖਪੁਰਾ ਜਲੰਧਰ ਦੇ ਖਿਲਾਫ ਦਰਜ ਕੀਤਾ ਹੈ। ਆਪਣੇ ਬਿਆਨ ਵਿਚ ਅਵਤਾਰ ਸਿੰਘ ਨੇ ਦੋਸ਼ ਲਾਇਆ ਕਿ ਉਕਤ ਮੁਲਜਮਾਂ ਨੇ ਉਸ ਦੇ ਪੁੱਤਰ ਮਨਪ੍ਰੀਤ ਸਿੰਘ ਨੂੰ ਸਪੇਨ ਭੇਜਣ ਦਾ ਝਾਂਸਾ ਦੇ ਕੇ 4 ਲੱਖ 50 ਹਜ਼ਾਰ ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਜਾਂਚ ਤੋਂ ਬਾਅਦ ਦੋਹਾਂ ਖਿ?ਲਾਫ ਮਾਮਲੇ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਥਾਣੇਦਾਰ ਗੁਰਮੀਤ ਸਿੰਘ ਅਤੇ ਅਮਰਜੀਤ ਸਿੰਘ ਇਨ੍ਹਾਂ ਮਾਮਲਿਆਂ 'ਤੇ ਕਾਰਵਾਈ ਕਰ ਰਹੇ ਹਨ।

ਪਰਿਵਾਰ 'ਤੇ ਟੁੱਟਿਆ ਦੁੱਖਾਂ ਦਾ ਪਹਾੜ, ਕ੍ਰਿਕੇਟ ਖੇਡਣ ਗਏ ਘਰ ਦੇ ਇਕਲੌਤੇ ਪੁੱਤ ਦੀ ਡੁੱਬਣ ਕਾਰਨ ਹੋਈ ਮੌਤ

ਸਰਕਾਘਾਟ 12 ਜੂਨ। ਮੰਡੀ ਜਿ?ਲੇ ਦੇ ਉਪਮੰਡਲ ਦੇ ਸਰਕਾਘਾਟ ਚੌਕ ਬਰਾਡਤਾ ਪੰਚਾਇਤ ਦੇ ਪਿੰਡ ਜਰਲ ਦੇ 12ਵੀਂ ਜਮਾਤ ਦੇ ਵਿਦਿਆਰਥੀ ਦੀ ਰਿਸਾ ਖੱਡ 'ਚ ਡੁੱਬਣ ਕਾਰਨ ਮੌਤ ਹੋ ਗਈ। ਮ੍ਰਿਤਕ ਵਿਦਿਆਰਥੀ ਦੀ ਪਛਾਣ ਸਾਹਿਲ (16) ਪੁੱਤਰ ਕਮਲੇਸ ਕੁਮਾਰ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸਾਹਿਲ ਪਿੰਡ ਦੇ ਹੋਰ ਮੁੰਡਿਆਂ ਨਾਲ ਰਿਸਾ ਖੱਡ ਦੇ ਕੰਢੇ ਸਥਿਤ ਮੈਦਾਨ ਵਿੱਚ ਕ੍ਰਿਕਟ ਖੇਡਣ ਗਿਆ ਸੀ। ਖੇਡਦੇ ਹੋਏ ਉਹ ਨਹਾਉਣ ਲਈ ਖੱਡ 'ਚ ਗਿਆ ਅਤੇ ਇਸ ਦੌਰਾਨ ਉਸ ਦੀ ਡੁੱਬਣ ਨਾਲ ਮੌਤ ਹੋ ਗਈ। ਪਿੰਡ ਵਾਸੀਆਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਸਰਕਾਘਾਟ 'ਚ ਪੋਸਟਮਾਰਟਮ ਕਰਵਾਉਣ ਤੋਂ ਬਾਅਦ

ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ। ਸਾਹਿਲ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਸਾਹਿਲ ਦਾ ਪਿਤਾ ਕਮਲੇਸ ਕੁਮਾਰ ਜੋ ਕਿ ਟੈਕਸੀ ਡਰਾਈਵਰ ਸੀ, ਘਟਨਾ ਸਮੇਂ ਗੱਡੀ ਲੈ ਕੇ ਸਾਂਝ ਗਏ ਹੋਏ ਸਨ, ਜਦੋਂਕਿ ਉਸ ਦੀ ਮਾਂ ਪਿੰਡ ਦੀ ਮਹਿਲਾ ਮੰਡਲ ਦੀਆਂ ਔਰਤਾਂ ਨਾਲ ਮੰਦਰ ਗਈ ਹੋਈ ਸੀ। ਡੀ.ਐੱਸ.ਪੀ. ਸੰਜੀਵ ਗੌਤਮ ਨੇ ਮਾਮਲੇ ਦੀ ਪੁਸਟੀ ਕਰਦਿਆਂ ਕਿਹਾ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

ਦੋ ਟਰੱਕਾਂ ਦੀ ਜਬਰਦਸਤ ਟੱਕਰ ਤੋਂ ਬਾਅਦ ਲੱਗੀ ਅੱਗ, 5 ਲੋਕ ਜਿੰਦਾ ਸੜੇ

ਰੀਵਾ 12 ਜੂਨ। ਮੱਧ ਪ੍ਰਦੇਸ ਦੇ ਰੀਵਾ ਦੇ ਚੋਰਹਾਟਾ ਥਾਣਾ ਖੇਤਰ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ। ਇਥੇ ਦੋ ਟਰੱਕਾਂ ਦੀ ਆਪਸ ਵਿੱਚ ਟੱਕਰ ਹੋ ਗਈ, ਜਿਸ ਤੋਂ ਬਾਅਦ ਭਿਆਨਕ ਅੱਗ ਲੱਗ ਗਈ। ਜਿਸ ਕਾਰਨ ਟਰੱਕਾਂ 'ਚ ਸਵਾਰ ਕਈ ਲੋਕਾਂ ਦੀ ਜਿੰਦਾ ਸੜ ਜਾਣ ਕਾਰਨ ਮੌਤ ਹੋ ਗਈ। ਹਾਦਸੇ ਤੋਂ ਬਾਅਦ ਅੰਦਰੋਂ ਦੋ ਲਾਸਾਂ ਨੂੰ ਬਾਹਰ ਕੱਢ ਲਿਆ ਗਿਆ ਹੈ। ਹਾਲਾਂਕਿ ਇਹ ਸਪੱਸਟ ਨਹੀਂ ਹੈ ਕਿ ਕਿੰਨੇ ਲੋਕਾਂ ਦੀ ਮੌਤ ਹੋਈ ਹੈ। ਜੇਕਰ ਅੰਕੜਿਆਂ ਦੀ ਮੰਨੀਏ ਤਾਂ ਚਾਰ ਤੋਂ ਪੰਜ ਲੋਕਾਂ ਦੀ ਮੌਤ ਹੋਣ ਦੀ ਗੱਲ ਕਹੀ ਜਾ ਰਹੀ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲਸ ਦੇ ਉੱਚ ਅਧਿਕਾਰੀ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਲਾਸਾਂ ਨੂੰ ਟਰੱਕ 'ਚੋਂ ਬਾਹਰ ਕੱਢਿਆ। ਪੂਰਾ ਮਾਮਲਾ ਰੀਵਾ

ਜਿ?ਲ੍ਹੇ ਦੇ ਚੋਰਹਾਟਾ ਥਾਣਾ ਖੇਤਰ ਦੇ ਦੁਆਰੀ ਬਾਈਪਾਸ ਦਾ ਹੈ। ਇੱਥੇ ਸੀਮਿੰਟ ਅਤੇ ਤੂੜੀ ਨਾਲ ਲੱਦੇ ਦੋ ਟਰੱਕਾਂ ਵਿਚਕਾਰ ਜਬਰਦਸਤ ਟੱਕਰ ਹੋ ਗਈ। ਇਸ ਕਾਰਨ ਦੋਵੇਂ ਟਰੱਕਾਂ ਨੂੰ ਅੱਗ ਲੱਗ ਗਈ। ਦੱਸਿਆ ਜਾ ਰਿਹਾ ਹੈ ਕਿ ਇਸ ਘਟਨਾ 'ਚ 4 ਤੋਂ 5 ਲੋਕ ਝੁਲਸ ਗਏ ਹਨ। ਸਥਾਨਕ ਲੋਕਾਂ ਤੋਂ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪਹੁੰਚੀ ਅਤੇ ਕਾਫੀ ਮੁਸੱਕਤ ਤੋਂ ਬਾਅਦ ਦੋਵਾਂ ਟਰੱਕਾਂ 'ਚ ਲੱਗੀ ਅੱਗ 'ਤੇ ਕਾਬੂ ਪਾਇਆ ਗਿਆ ਅਤੇ ਪੁਲਸ ਨੇ ਕਰੇਨ ਦੀ ਮਦਦ ਨਾਲ ਦੋਵੇਂ ਟਰੱਕਾਂ ਨੂੰ ਵੱਖ-ਵੱਖ ਕੀਤਾ। ਟਰੱਕ ਵਿੱਚ ਫਸੇ ਲੋਕਾਂ ਨੂੰ ਕੱਢਿਆ ਗਿਆ। ਫਿਲਹਾਲ ਟਰੱਕ ਵਿਚੋਂ ਦੋ ਲਾਸਾਂ ਕੱਢੀਆਂ ਗਈਆਂ ਹਨ। ਦੋਵਾਂ ਟਰੱਕਾਂ ਵਿੱਚ ਚਾਰ-ਪੰਜ ਵਿਅਕਤੀਆਂ ਦੇ ਫਸੇ ਹੋਣ ਦੀ ਸੰਭਾਵਨਾ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਉੱਚ ਪੁਲਸ ਅਧਿਕਾਰੀ ਅਤੇ ਜਿ?ਲ੍ਹਾ ਕਲੈਕਟਰ ਵੀ ਮੌਕੇ 'ਤੇ ਪਹੁੰਚ ਗਏ।

ਮੋਹਾਲੀ 'ਚ ਭਰੇ ਬਾਜਾਰ 'ਚ ਕੁੜੀ ਨੂੰ ਕਤਲ ਕਰਨ ਵਾਲੇ ਨੌਜਵਾਨ ਬਾਰੇ ਸਨਸਨੀਖੇਜ ਖੁਲਾਸਾ

ਸਮਾਰਾਲਾ 12 ਜੂਨ। ਅੱਜ ਮੋਹਾਲੀ ਵਿਖੇ ਸਿਰਫਿਰੇ ਨੌਜਵਾਨ ਨੇ ਇਕ ਕੁੜੀ ਦਾ ਬੜੇ ਹੀ ਬੇਰਹਿਮ ਤਰੀਕੇ ਨਾਲ ਤਲਵਾਰ ਨਾਲ ਕਈ ਵਾਰ ਕਰਕੇ ਕਤਲ ਕਰ ਦਿੱਤਾ। ਇਸ ਖੌਫਨਾਕ ਵਾਰਦਾਤ ਦੀ ਸੀ. ਸੀ. ਟੀ. ਵੀ. ਵੀਡੀਓ ਵੀ ਸਾਹਮਣੇ ਆਈ ਹੈ। ਹੈਰਾਨ ਕਰ ਦੇਣ ਵਾਲੀ ਗੱਲ ਤਾਂ ਇਹ ਹੈ ਕਿ ਉਕਤ ਨੌਜਵਾਨ ਨੇ ਚਿੱਟੇ ਸ਼ਰੇਆਮ ਆਟੋ ਤੋਂ ਉਤਰੀ ਕੁੜੀ ਨੂੰ ਸੜਕ ਵਿਚਕਾਰ ਤਲਵਾਰ ਨਾਲ ਵੱਢ ਅਤੇ ਨੇੜੇ ਲੰਘਦੇ ਲੋਕ ਸਿਰਫ ਤਮਾਸ਼ਾ ਹੀ ਦੇਖਦੇ ਰਹੇ। ਵਾਰਦਾਤ ਤੋਂ ਬਾਅਦ ਤੁਰੰਤ ਹਰਕਤ ਵਿਚ ਆਈ ਮੋਹਾਲੀ ਪੁਲਸ ਨੇ ਕਾਤਲ ਸੁਖਚੈਨ ਨੂੰ ਗ੍ਰਿਫਤਾਰ ਕਰ ਲਿਆ ਹੈ। ਸੁਖਚੈਨ ਜੋ ਕਿ ਸਮਰਾਲਾ ਦੇ ਨਜਦੀਕੀ ਪਿੰਡ ਖੀਰਨੀਆਂ ਦਾ ਰਹਿਣ ਵਾਲਾ ਹੈ। ਸੁਖਚੈਨ ਕਬੱਡੀ ਦਾ ਵਧੀਆ ਖਿਡਾਰੀ ਸੀ ਅਤੇ ਪਿਛਲੇ ਤਿੰਨ ਮਹੀਨਿਆਂ ਤੋਂ ਪੈਟਰੋਲ ਪੰਪ 'ਤੇ ਕੰਮ ਕਰਦਾ ਸੀ। ਹਫਤਾ ਪਹਿਲਾਂ ਹੀ ਉਸ ਨੇ ਪੈਟਰੋਲ ਪੰਪ ਤੋਂ ਕੰਮ ਛੱਡਿਆ ਸੀ। ਇਹ ਵੀ ਪਤਾ ਲੱਗਾ ਹੈ ਕਿ ਕਥਿਤ ਦੋਸੀ ਸੁਖਚੈਨ ਅਤੇ ਮ੍ਰਿਤਕ ਲੜਕੀ ਦਾ ਆਪਸ ਵਿਚ ਪ੍ਰੇਮ ਸਬੰਧ ਸਨ। ਸੁਖਚੈਨ ਦੀ ਮਾਤਾ ਨੇ ਦੱਸਿਆ ਕਿ ਮ੍ਰਿਤਕ ਲੜਕੀ ਕਈ ਵਾਰ ਉਨ੍ਹਾਂ ਦੇ ਘਰ ਵੀ ਆ ਚੁੱਕੀ ਹੈ ਅਤੇ ਸੁਖਚੈਨ ਅੱਜ ਸਵੇਰੇ 6 ਵਜੇ ਹੀ ਘਰੋਂ ਬਾਹਰ ਗਿਆ ਸੀ ਅਤੇ ਉਸਨੇ ਲੜਕੀ ਦਾ ਕਤਲ

ਕਿਉਂ ਕੀਤਾ ਹੈ, ਇਸ ਬਾਰੇ ਪਰਿਵਾਰ ਨੂੰ ਕੋਈ ਜਾਣਕਾਰੀ ਨਹੀਂ ਹੈ। ਦੋਸੀ ਸੁਖਚੈਨ ਸਿੰਘ ਦੀ ਮਾਤਾ ਨੇ ਦੱਸਿਆ ਕਿ ਦੋਵਾਂ ਵਿਚਾਲੇ ਪ੍ਰੇਮ ਸੰਬੰਧ ਸਨ ਅਤੇ ਦੋਵਾਂ ਦਾ ਕਦੇ ਝਗੜਾ ਵੀ ਨਹੀਂ ਹੋਇਆ ਸੀ। ਮੇਰਾ ਲੜਕਾ ਸੁਖਚੈਨ ਸਿੰਘ ਕਬੱਡੀ ਦਾ ਵਧੀਆ ਖਿਡਾਰੀ ਸੀ ਅਤੇ ਪਿੰਡ ਵਿਚ ਉਸ ਦਾ ਕਾਫੀ ਨਾਮ ਸੀ। ਦੋਸੀ ਦੀ ਮਾਂ ਨੇ ਇਹ ਵੀ ਆਖਿਆ ਕਿ ਜੋ ਇਸ ਨੇ ਇਸ ਘਨੌਣੀ ਘਟਨਾ ਨੂੰ ਅੰਜਾਮ ਦਿੱਤਾ ਹੈ, ਉਹ ਬਹੁਤ ਹੀ ਗਲਤ ਹੈ, ਇਸ ਦੀ ਸਜਾ ਪਰਮਾਤਮਾ ਉਸ ਨੂੰ ਜਰੂਰ ਦੇਵੇਗਾ। ਸੁਖਚੈਨ ਸਿੰਘ ਦੇ ਪਿੰਡ ਖੀਰਨੀਆਂ ਜਾ ਕੇ ਪਤਾ ਕੀਤਾ ਗਿਆ ਤਾਂ ਪਿੰਡ ਦੇ ਸਾਬਕਾ ਸਰਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਕਬੱਡੀ ਪਲੇਅਰ ਸੀ ਅਤੇ ਪਿੰਡ ਵਿਚ ਵੀ ਉਸ ਦਾ ਸੁਭਾਅ ਬੜਾ ਨਿੱਘਾ ਤੇ ਸਾਊ ਸੀ। ਘਰ ਵਿਚ ਚਾਰ ਭੈਣਾਂ ਅਤੇ ਤਿੰਨ ਭਾਈ ਹਨ। ਸੁਖਚੈਨ ਅਜੇ ਕਵਾਰਾ ਹੈ ਅਤੇ ਕੁਝ ਸਮਾਂ ਪਹਿਲਾਂ ਹੀ ਪੈਟਰੋਲ ਪੰਪ 'ਤੇ ਕੰਮ ਕਰਨ ਲੱਗਾ ਸੀ। ਜੋ ਉਸ ਨੇ ਮੋਹਾਲੀ ਵਿਖੇ ਇਹ ਕਾਰਾ ਕੀਤਾ ਇਹ ਸਮਝ ਤੋਂ ਬਾਹਰ ਹੈ। ਪਿੰਡ ਦੇ ਹੀ ਗੁਰਮੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਦਾ ਪ੍ਰੇਮ ਸਬੰਧ ਕਿਸੇ ਕੁੜੀ ਨਾਲ ਚੱਲ ਰਹੇ ਸਨ ਕੁੜੀ ਵੱਲੋਂ ਕੁਝ ਸਮਾਂ ਪਹਿਲਾਂ ਸੁਖਚੈਨ ਦੀ ਕਟਾਪਾ ਵੀ ਕਰਵਾਇਆ ਗਿਆ ਜਿਸ ਵਿਚ ਉਸ ਦੀ ਲੱਤ ਟੁੱਟ ਗਈ ਅਤੇ ਉਹ ਕੁਝ ਸਮਾਂ ਘਰ ਬੈਠਾ ਰਿਹਾ ਪਰ ਜੋ ਉਸ ਨੇ ਮੋਹਾਲੀ ਵਿਖੇ ਇਹ ਕੰਮ ਕੀਤਾ ਹੈ ਬਹੁਤ ਨਿੰਦਣਯੋਗ ਹੈ।

ਪੰਜਾਬ 'ਚ ਵੱਡਾ ਪ੍ਰਸ਼ਾਸਨਿਕ ਫੇਰਬਦਲ ! ਜਲੰਧਰ-ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਸਣੇ 9 ਅਫਸਰਾਂ ਦੇ ਤਬਾਦਲੇ

ਲੁਧਿਆਣਾ 12 ਜੂਨ। ਲੋਕ ਸਭਾ ਚੋਣਾਂ ਮੁਕੰਮਲ ਹੁੰਦੇ ਸਾਰ ਪੰਜਾਬ ਵਿਚ ਵੱਡਾ ਪ੍ਰਸ਼ਾਸਨਿਕ ਫੇਰਬਦਲ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਜਲੰਧਰ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰਾਂ ਸਮੇਤ ਕੁੱਲ 9 ਅਫਸਰਾਂ ਦੇ ਤਬਾਦਲੇ ਕੀਤੇ ਗਏ ਹਨ। ਇਨ੍ਹਾਂ ਵਿਚ 8 ਆਈ.ਪੀ.ਐੱਸ. ਅਤੇ 1 ਪੀ.ਪੀ.ਐੱਸ. ਅਫਸਰ ਸ਼ਾਮਲ ਹਨ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਭੁੱਲਰ ਨੂੰ ਡੀ.ਜੀ.ਪੀ. ਆਫਿ?ਸ ਰਿਪੋਰਟ ਕਰਨ ਦੀ ਹਦਾਇਤ ਕੀਤੀ ਗਈ ਹੈ, ਉਨ੍ਹਾਂ ਦੀ ਪੋਸਟਿੰਗ ਬਾਰੇ ਵੱਖਰੇ ਤੌਰ 'ਤੇ ਹੁਕਮ ਜਾਰੀ ਕੀਤੇ ਜਾਣਗੇ। ਪੰਜਾਬ ਸਰਕਾਰ ਵੱਲੋਂ ਜਾਰੀ ਹੁਕਮਾਂ ਮੁਤਾਬਕ ਕੁਲਦੀਪ ਸਿੰਘ ਚਾਹਲ ਨੂੰ ਲੁਧਿਆਣਾ ਦਾ ਪੁਲਸ ਕਮਿਸ਼ਨਰ ਅਤੇ ਸਵਪਨ ਸ਼ਰਮਾ ਨੂੰ ਜਲੰਧਰ ਦਾ ਪੁਲਸ ਕਮਿਸ਼ਨਰ ਲਗਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਬਦਲੇ ਗਏ ਅਫਸਰਾਂ ਦੀ ਸੂਚੀ ਹੇਠਾਂ ਮੁਤਾਬਕ ਹੈ

ਮਾਮੇ ਦੇ ਘਰ 'ਚ 15 ਸਾਲਾ ਕੁੜੀ ਦਾ ਬੇਰਹਿਮੀ ਨਾਲ ਕਤਲ ! ਤੇਜਧਾਰ ਹਥਿਆਰਾਂ ਨਾਲ ਵੱਢਿਆ

ਪਠਾਨਕੋਟ 12 ਜੂਨ। ਪਠਾਨਕੋਟ 'ਚ ਪੈਂਦੇ ਡਮਟਾਲ 'ਚ ਅੱਜ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇਕ 15 ਸਾਲਾ ਕੁੜੀ ਦਾ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ। ਜਾਣਕਾਰੀ ਦਿੰਦੇ ਹੋਏ ਏ. ਐੱਸ. ਪੀ. ਧਰਮ ਚੰਦ ਵਰਮਾ ਨੇ ਦੱਸਿਆ ਕਿ ਥਾਣਾ ਡਮਟਾਲ 'ਚ ਸਵੇਰੇ ਕਰੀਬ 9 ਵਜੇ ਭਦਰੋਆ ਦੇ ਪ੍ਰਧਾਨ ਦਾ ਫੋਨ ਆਇਆ ਸੀ ਕਿ ਇੱਥੇ ਪਿੰਡ ਭਦਰੋਆ ਵਿਚ ਇਕ ਨਬਾਲਿਗ ਕੁੜੀ ਦਾ ਕਤਲ ਕਰ ਦਿੱਤਾ ਗਿਆ ਹੈ, ਜਿਸ ਕਾਰਨ ਥਾਣਾ ਡਮਟਾਲ ਦੇ ਪੁਲਸ ਮੁਖੀ ਦੇਵਰਾਜ ਸ਼ਰਮਾ ਆਪਣੀ ਟੀਮ ਸਮੇਤ ਪੁੱਜੇ ਅਤੇ ਤੱਥਾਂ ਨੂੰ ਜੁਟਾਉਣ ਦਾ ਯਤਨ ਕੀਤਾ। ਉਨ੍ਹਾਂ ਦੱਸਿਆ ਕਿ ਨਾਬਾਲਿਗ ਕੁੜੀ, ਜੋ ਝੁੱਗੀਆਂ ਵਿਚ ਰਹਿੰਦੀ ਹੈ, ਦੇ ਮਾਪੇ ਰਾਜਸਥਾਨ ਗਏ

ਬਟਾਲਾ ਪੁਲਸ ਨੇ ਨਾਜਾਇਜ਼ ਹਥਿਆਰ ਰੱਖਣ ਵਾਲੇ ਗਿਰੋਹ ਦਾ ਕੀਤਾ ਪਰਦਾਫਾਸ਼

ਬਟਾਲਾ/ਕਿਲਾ ਲਾਲ ਸਿੰਘ 12 ਜੂਨ। ਬਟਾਲਾ ਪੁਲਸ ਨੇ ਰੰਜਿਸ਼ ਤਹਿਤ ਜਾਨ ਤੋਂ ਮਾਰਨ ਦੀ ਨੀਅਤ ਨਾਲ ਇਕ ਨੌਜਵਾਨ 'ਤੇ ਗੋਲੀਆਂ ਚਲਾਉਣ ਅਤੇ ਨਾਜਾਇਜ਼ ਹਥਿਆਰ ਰੱਖਣ ਵਾਲੇ ਗਿਰੋਹ ਦਾ ਪਰਦਾਫਾਸ਼ ਕਰਦੇ ਹੋਏ 2 ਸਕੇ ਭਰਾਵਾਂ ਨੂੰ 5 ਪਿਸਤੌਲਾਂ ਅਤੇ 10 ਜ਼ਿੰਦਾ ਰੌਂਦ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਪੁਲਸ ਲਾਈਨ ਬਟਾਲਾ 'ਚ ਪ੍ਰੈੱਸ ਕਾਨਫਰੰਸ ਦੌਰਾਨ ਡੀ. ਐੱਸ. ਪੀ. ਫਤਿਹਗੜ੍ਹ ਚੂੜੀਆਂ ਖੁਸ਼ਬੀਰ ਕੌਰ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ 'ਚ ਮਦਨ ਮਸੀਹ ਪੁੱਤਰ ਨਿਆਮਤ ਮਸੀਹ ਵਾਸੀ ਡਾਲੇ ਚੱਕ ਥਾਣਾ ਫਤਿਹਗੜ੍ਹ ਚੂੜੀਆਂ ਨੇ ਦੱਸਿਆ ਕਿ ਮਿਤੀ 6 ਜੂਨ ਨੂੰ ਵਕਤ ਕਰੀਬ ਰਾਤ 9:30 ਵਜੇ ਉਹ ਅਤੇ ਉਸਦਾ ਭਰਾ ਗੋਪੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਪਿੰਡ ਚੰਦੂਮੰਝ 'ਚ ਮਸੀਹ ਕਨਵੈਨਸ਼ਨ 'ਚ ਭਾਗ ਲੈਣ ਲਈ ਗਏ ਸਨ ਕਿ ਉਹ ਪਿੰਡ ਚੰਦੂ ਮੰਝ ਦੇ ਬਾਹਰ ਸੜਕ 'ਤੇ ਲੱਗੀ ਛਬੀਲ ਤੋਂ ਪਾਣੀ ਪੀ ਰਿਹਾ ਸੀ। ਇਸ ਦੌਰਾਨ ਪਰਮਬੀਰ ਸਿੰਘ ਉਰਫ ਨਾਨਕ ਅਤੇ ਉਸਦਾ ਭਰਾ ਸੁੰਦਰ ਸਿੰਘ ਦੋਵੇਂ ਵਾਸੀ ਚੰਦੂ ਮੰਝ ਅਤੇ 3 ਅਣਪਛਾਤੇ ਵਿਅਕਤੀ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਅਤੇ ਇਸ ਦੌਰਾਨ ਪਰਮਬੀਰ ਸਿੰਘ ਨੇ ਆਪਣੇ ਦਸਤੀ ਪਿਸਤੌਲ ਨਾਲ ਉਸਨੂੰ ਜਾਨ ਤੋਂ ਮਾਰਨ ਦੀ ਨੀਅਤ ਨਾਲ ਉਸ 'ਤੇ ਗੋਲੀ ਚੱਲਾ ਦਿੱਤੀ, ਜੋ ਉਸਦੇ ਸੱਜੇ ਪੱਟ 'ਤੇ ਜਾ ਲੱਗੀ ਅਤੇ ਉਹ ਜ਼ਮੀਨ 'ਤੇ ਡਿੱਗ ਗਿਆ। ਉਸਨੇ ਦੱਸਿਆ ਕਿ ਇਸ ਤੋਂ ਬਾਅਦ ਸੁੰਦਰ ਸਿੰਘ ਨੇ ਆਪਣੇ ਪਿਸਤੌਲ ਨਾਲ ਲਗਾਤਾਰ 2 ਗੋਲੀਆਂ ਉਸ 'ਤੇ ਚਲਾਈਆਂ, ਜੋ ਉਸਦੀ ਛਤੀ ਦੇ ਸੱਜੇ ਪਾਸੇ ਜਾ ਲੱਗੀਆਂ। ਇਸ ਤੋਂ ਬਾਅਦ ਪਰਮਬੀਰ ਸਿੰਘ ਨੇ ਆਪਣੇ ਪਿਸਤੌਲ ਨਾਲ 2 ਗੋਲੀਆਂ ਉਸ 'ਤੇ ਚਲਾਈਆਂ, ਜੋ ਉਸਦੇ ਨਲਾਂ ਅਤੇ ਇਕ ਗੋਲੀ ਉਸਦੇ ਚੂਲੇ 'ਤੇ ਜਾ ਲੱਗੀ। ਉਸ ਵੱਲੋਂ ਰੌਲਾ ਪਾਉਣ 'ਤੇ ਉਕਤ

ਵਿਅਕਤੀ ਮੌਕੇ ਤੋਂ ਫਰਾਰ ਹੋ ਗਏ। ਉਸਨੇ ਦੱਸਿਆ ਕਿ ਉਸਦੇ ਭਰਾ ਗੋਪੀ ਨੇ ਸਵਾਰੀ ਦਾ ਪ੍ਰਬੰਧ ਕਰ ਕੇ ਉਸਨੂੰ ਇਲਾਜ ਲਈ ਬਟਾਲਾ ਦੇ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ, ਜਿਥੇ ਡਾਕਟਰਾਂ ਨੇ ਉਸਦੀ ਹਾਲਤ ਗੰਭੀਰ ਦੇਖਦੇ ਹੋਏ ਉਸਨੂੰ ਅੰਮ੍ਰਿਤਸਰ ਰੈਫਰ ਕਰ ਦਿੱਤਾ। ਡੀ. ਐੱਸ. ਪੀ. ਖੁਸ਼ਬੀਰ ਕੌਰ ਨੇ ਦੱਸਿਆ ਕਿ ਪੁਲਸ ਵੱਲੋਂ ਮਦਨ ਮਸੀਹ ਦੇ ਬਿਆਨਾਂ ਦੇ ਆਧਾਰ 'ਤੇ 2 ਪਛਾਤੇ ਅਤੇ 3 ਅਣਪਛਾਤੇ ਵਿਅਕਤੀਆਂ ਦੇ ਵਿਰੁੱਧ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਸੀ। ਉਕਤ ਮਾਮਲੇ ਦੀ ਜਾਂਚ ਲਈ ਐੱਸ. ਐੱਸ. ਪੀ. ਬਟਾਲਾ ਅਸ਼ਵਿਨੀ ਗੋਟਿਆਲ ਦੇ ਨਿਰਦੇਸ਼ਾਂ ਅਤੇ ਐੱਸ. ਪੀ. ਇਨਵੈਸਟੀਗੇਸ਼ਨ ਰਮਨਿੰਦਰ ਸਿੰਘ ਦੀ ਨਿਗਰਾਨੀ ਹੇਠ ਉਨ੍ਹਾਂ ਵੱਲੋਂ ਸੀ. ਆਈ. ਏ. ਸਟਾਫ ਬਟਾਲਾ ਅਤੇ ਥਾਣਾ ਕਿਲਾ ਲਾਲ ਸਿੰਘ ਦੀਆਂ ਵੱਖ-ਵੱਖ ਪੁਲਸ ਟੀਮਾਂ ਦਾ ਗਠਨ ਕੀਤਾ ਗਿਆ ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਸਫਲਤਾ ਹਾਸਲ ਕਰਦੇ ਹੋਏ ਪਰਮਬੀਰ ਸਿੰਘ ਅਤੇ ਉਸਦੇ ਭਰਾ ਸੁੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਦੇ ਹੋਏ ਉਨ੍ਹਾਂ ਕੋਲੋਂ ਇਕ ਪਿਸਤੌਲ 30 ਬੋਰ ਅਤੇ 2 ਜ਼ਿੰਦਾ ਰੌਂਦ 30 ਬੋਰ ਅਤੇ 4 ਪਿਸਤੌਲ 32 ਬੋਰ ਅਤੇ 8 ਜ਼ਿੰਦਾ ਰੌਂਦ 32 ਬੋਰ ਬਰਾਮਦ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪਰਮਬੀਰ ਸਿੰਘ ਦੇ ਵਿਰੁੱਧ ਪਹਿਲਾਂ ਵੀ ਵੱਖ-ਵੱਖ ਥਾਣਿਆਂ 'ਚ ਵੱਖ-ਵੱਖ ਧਾਰਾਵਾਂ ਤਹਿਤ 10 ਕੇਸ ਅਤੇ ਸੁੰਦਰ ਸਿੰਘ ਦੇ ਵਿਰੁੱਧ ਵੀ ਵੱਖ-ਵੱਖ ਥਾਣਿਆਂ 'ਚ 5 ਕੇਸ ਦਰਜ ਹਨ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਅਦਾਲਤ ਤੋਂ ਉਕਤ ਵਿਅਕਤੀਆਂ ਦਾ 3 ਦਿਨ ਦਾ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਪਾਸੋਂ ਹੋਰ ਖੁਲਾਸੇ ਹੋ ਸਕਣ। ਇਸ ਮੌਕੇ ਸੀ. ਆਈ. ਏ. ਸਟਾਫ ਬਟਾਲਾ ਦੇ ਇੰਚਾਰਜ ਸੁਖਰਾਜ ਸਿੰਘ, ਥਾਣਾ ਕਿਲਾ ਲਾਲ ਸਿੰਘ ਦੇ ਐੱਸ. ਐੱਚ. ਓ. ਸਤਪਾਲ ਸਿੰਘ ਆਦਿ ਹਾਜ਼ਰ ਸਨ।

ਮਸ਼ਹੂਰ ਪੰਜਾਬੀ ਗਾਇਕ ਨਾਲ ਜਲੰਧਰ-ਪਠਾਨਕੋਟ ਨੈਸ਼ਨਲ ਹਾਈਵੇਅ 'ਤੇ ਵਾਪਰਿਆ ਵੱਡਾ ਹਾਦਸਾ

ਭੋਗਪੁਰ 12 ਜੂਨ। ਮਸ਼ਹੂਰ ਪੰਜਾਬੀ ਗਾਇਕ ਸਰਦਾਰ ਅਲੀ ਦੀ ਗੱਡੀ ਦਾ ਜਲੰਧਰ-ਪਠਾਨਕੋਟ ਹਾਈਵੇਅ 'ਤੇ ਭੋਗਪੁਰ ਨੇੜੇ 12 ਵਜੇ ਦੇ ਕਰੀਬ ਸਨੌਰਾ ਪੁਲ 'ਤੇ ਭਿਆਨਕ ਹਾਦਸਾ ਵਾਪਰ ਗਿਆ। ਹਾਦਸੇ ਵਿਚ ਮਸ਼ਹੂਰ ਗਾਇਕ ਸਰਦਾਰ ਅਲੀ ਦਾ ਵਾਲ ਵਾਲ ਬਚਾਅ ਹੋ ਗਿਆ। ਸਰਦਾਰ ਅਲੀ ਦੇ ਮਾਮੂਲੀ ਸੱਟਾਂ ਲੱਗੀਆਂ ਹਨ ਜਦਕਿ ਸਰਦਾਰ ਅਲੀ ਦੇ ਦੋ ਭਤੀਜੇ ਅਤੇ ਕਾਰ ਚਾਲਕ ਗੰਭੀਰ ਜਖਮੀ ਹੋਏ ਹਨ, ਜਿਨ੍ਹਾਂ ਨੂੰ ਪੰਜਾਬ ਪੁਲਸ ਦੀ ਸੜਕ ਸੁਰੱਖਿਆ ਦੀ ਟੀਮ ਨੇ ਹਸਪਤਾਲ ਦਾਖਲ ਕਰਵਾਇਆ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਸੜਕ ਕਿਨਾਰੇ ਲੱਗੀ ਰੇਲਿੰਗ ਵਿਚ ਫਸਣ ਕਾਰਣ ਕਾਰ ਵਿਚਾਲਿਓਂ ਪਾੜ ਗਈ, ਇਸ ਦੌਰਾਨ ਚੰਗੀ ਗੱਲ ਇਹ ਰਹੀ ਕਿ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

8 ਸਾਲਾ ਬੱਚੀ ਨਾਲ ਜਬਰ ਜਿਨਾਹ, ਹਸਪਤਾਲ 'ਚ ਦਾਖਲ ਮਾਸੂਮ

ਬਿਜਨੌਰ 12 ਜੂਨ। ਉੱਤਰ ਪ੍ਰਦੇਸ਼ ਦੇ ਬਿਜਨੌਰ ਜ਼ਿਲ੍ਹੇ ਦੇ ਥਾਣਾ ਕੀਰਤਪੁਰ ਦੇ ਇਕ ਪਿੰਡ 'ਚ 8 ਸਾਲਾ ਬੱਚੀ ਨਾਲ ਜਬਰ ਜ਼ਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਬੱਚੀ ਨੂੰ ਜੰਗਲ 'ਚ ਲਿਜਾ ਕੇ ਜਬਰ ਜ਼ਿਨਾਹ ਕਰਨ ਦੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਖੰਨਾ ਦੇ ਬੈਂਕ 'ਚ ਦਿਨ-ਦਿਹਾੜੇ ਵੱਡੀ ਲੁੱਟ

ਖੰਨਾ 12 ਜੂਨ। ਖੰਨਾ 'ਚ ਦਿਨ-ਦਿਹਾੜੇ ਵੱਡੀ ਲੁੱਟ ਦੀ ਵਾਰਦਾਤ ਸਾਹਮਣੇ ਆਈ ਹੈ। ਇੱਥੇ ਪੰਜਾਬ ਐਂਡ ਸਿੰਧ ਬੈਂਕ 'ਚ ਹਥਿਆਰਬੰਦ ਲੁਟੇਰਿਆਂ ਨੇ ਲੁੱਟ ਦੀ ਵੱਡੀ ਘਟਨਾ ਨੂੰ ਅੰਜਾਮ ਦਿੱਤਾ ਹੈ। ਜਾਣਕਾਰੀ ਮੁਤਾਬਕ ਕੁੱਝ ਹਥਿਆਰਬੰਦ ਲੋਕ ਮੋਟਰਸਾਈਕਲ 'ਤੇ ਆਏ ਅਤੇ ਬੈਂਕ ਅੰਦਰ ਦਾਖਲ ਹੋਏ। ਉਨ੍ਹਾਂ ਨੇ ਬੈਂਕ ਦੇ ਸਟਾਫ ਨੂੰ ਬੰਧਕ ਬਣਾ ਲਿਆ। ਇਸ ਤੋਂ ਬਾਅਦ ਹਥਿਆਰਬੰਦ ਲੁਟੇਰਿਆਂ ਨੇ ਬੈਂਕ 'ਚੋਂ ਲੱਖਾਂ ਰੁਪਿਆ ਲੁੱਟਿਆ ਅਤੇ ਗੰਨਮੈਨ ਤੋਂ ਬੰਦੂਕ ਖੋਹ ਕੇ ਫਾਇਰ ਕਰਨੇ ਸ਼ੁਰੂ ਕਰ ਦਿੱਤਾ। ਉਕਤ ਲੋਕ ਜਾਂਦੇ ਸਮੇਂ ਬੰਦੂਕ ਉੱਥੇ ਹੀ ਸੁੱਟ ਗਏ। ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਫਿਲਹਾਲ ਪੁਲਸ ਵਲੋਂ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

6 ਸਾਲ ਦੀ ਬੱਚੀ ਨਾਲ ਅਸ਼ਲੀਲ ਹਰਕਤ ਕਰਨ ਦੇ ਦੋਸ਼ ਹੇਠ ਇੱਕ ਨਾਮਜ਼ਦ

ਜ਼ੀਰਾ 12 ਜੂਨ। ਇੱਥੇ 6 ਸਾਲ ਦੀ ਬੱਚੀ ਨੂੰ ਅਸ਼ਲੀਲ ਵੀਡੀਓ ਦਿਖਾ ਕੇ ਮਾੜੀ ਹਰਕਤ ਕਰਨ ਦੇ ਦੋਸ਼ ਹੇਠ ਥਾਣਾ ਸਿਟੀ ਜ਼ੀਰਾ ਦੀ ਪੁਲਸ ਨੇ ਇੱਕ ਵਿਅਕਤੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਇੰਦਰਜੀਤ ਕੌਰ ਨੇ ਦੱਸਿਆ ਕਿ ਜ਼ੀਰਾ ਦੇ ਜੋਹਲ ਨਗਰ ਦੀ ਰਹਿਣ ਵਾਲੀ ਸ਼ਿਕਾਇਤਕਰਤਾ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੋਸ਼ ਲਗਾਉਂਦੇ ਦੱਸਿਆ ਕਿ ਉਸ ਦਾ ਪਤੀ ਚਾਹ ਦਾ ਖੋਖਾ ਚਲਾਉਂਦਾ ਹੈ ਤੇ ਦੋਸ਼ੀ ਗੁਰਮੇਲ ਸਿੰਘ ਉਰਫ ਗੋਹਲੂ ਵੀ ਉੱਥੇ ਨੇੜੇ ਹੀ ਫਰੂਟ ਦੀ ਰੇਹੜੀ ਲਗਾਉਂਦਾ ਹੈ। ਸ਼ਿਕਾਇਤਕਰਤਾ ਅਨੁਸਾਰ ਦੋਸ਼ੀ ਨੇ ਉਸ ਦੀ 6 ਸਾਲ ਦੀ ਧੀ ਨੂੰ ਆਪਣੇ ਮੋਬਾਇਲ 'ਤੇ ਅਸ਼ਲੀਲ ਵੀਡੀਓ ਦਿਖਾ ਕੇ ਅਜਿਹਾ ਹੀ ਕਰਨ ਲਈ ਕਿਹਾ।

ਪੰਜਾਬ ਦੇ ਮੌਸਮ ਨੂੰ ਲੈ ਕੇ ਸਾਹਮਣੇ ਆਈ ਵੱਡੀ ਅਪਡੇਟ, ਮੌਸਮ ਵਿਭਾਗ ਨੇ ਕੀਤੀ ਭਵਿੱਖਬਾਣੀ

ਜਲੰਧਰ 12 ਜੂਨ। ਪੰਜਾਬ ਵਿਚ ਗਰਮੀ ਦਾ ਪ੍ਰਕੋਪ ਲਗਾਤਾਰ ਜਾਰੀ ਹੈ। ਆਲਮ ਇਹ ਹੈ ਕਿ ਅੱਗ ਵਰ੍ਹਾਉ ਧੁੱਪ ਕਾਰਣ ਲੋਕਾਂ ਦਾ ਘਰਾਂ 'ਚੋਂ ਬਾਹਰ ਨਿਕਲਣਾ ਔਖਾ ਹੋ ਗਿਆ ਹੈ। ਦਿਨ ਸਮੇਂ ਬਾਜਾਰ ਵਿਚ ਸੰਨਾਟਾ ਪਸਰਿਆ ਨਜਰ ਆਉਂਦਾ ਹੈ। ਇਸ ਦਰਮਿਆਨ ਮੌਸਮ ਵਿਭਾਗ ਨੇ ਤਾਜਾ ਜਾਣਕਾਰੀ ਸਾਂਝੀ ਕਰਦਿਆਂ ਆਖਿਆ ਕਿ ਅਜੇ ਕੁਝ ਦਿਨਾਂ ਤਕ ਲੋਕਾਂ ਨੂੰ ਗਰਮੀ ਦਾ ਸਾਹਮਣਾ ਕਰਨਾ ਪਵੇਗਾ, ਜਿਸ ਕਰਕੇ ਅਗਲੇ ਤਿੰਨ-ਚਾਰ ਦਿਨਾਂ ਵਿਚ ਸੂਬੇ ਦਾ ਤਾਪਮਾਨ 45 ਤੋਂ 46 ਡਿਗਰੀ ਤੱਕ ਪਹੁੰਚ ਸਕਦਾ ਹੈ। ਇਸ ਦੌਰਾਨ ਮੌਨਸੂਨ ਨੂੰ ਲੈ ਕੇ ਵੀ ਤਾਜਾ ਜਾਣਕਾਰੀ ਮਿਲੀ ਹੈ। ਮੌਸਮ ਵਿਭਾਗ ਦਾ ਕਹਿਣਾ ਹੈ ਕਿ ਮੌਨਸੂਨ ਨੇ ਲਗਾਤਾਰ ਰਫਤਾਰ ਫੜੀ ਹੋਈ ਹੈ। ਹੁਣ ਤੱਕ ਦੀ ਰਿਪੋਰਟ ਮੁਤਾਬਕ ਮੌਨਸੂਨ ਆਪਣੇ ਤੈਅ ਸਮੇਂ ਤੋਂ ਲਗਾਤਾਰ ਹਫਤੇ ਜਾਂ 3-4 ਦਿਨ ਪਹਿਲਾਂ ਪਹੁੰਚ ਰਿਹਾ ਹੈ। ਦੂਜੇ ਪਾਸੇ ਸੋਮਵਾਰ ਨੂੰ ਮਹਾਨਗਰ ਜਲੰਧਰ ਦਾ ਵੱਧ ਤੋਂ ਵੱਧ ਤਾਪਮਾਨ 42 ਡਿਗਰੀ ਦੇ ਲੱਗਭਗ ਰਿਕਾਰਡ ਕੀਤਾ ਗਿਆ। ਗਰਮੀ ਕਾਰਨ ਸੜਕਾਂ 'ਤੇ ਆਵਾਜਾਈ ਘੱਟ ਨਜਰ ਆ ਰਹੀ ਹੈ। ਦੁਪਹਿਰ ਸਮੇਂ ਲੋਕ ਘਰਾਂ ਵਿਚ ਰਹਿਣ 'ਤੇ ਮਜਬੂਰ ਹੋ ਗਏ। ਮੌਸਮ ਵਿਗਿਆਨ ਵਿਭਾਗ ਦੇ ਚੰਡੀਗੜ੍ਹ

ਕੇਂਦਰ ਵੱਲੋਂ ਜਾਰੀ ਅੰਕੜਿਆਂ ਮੁਤਾਬਕ 11 ਜੂਨ ਨੂੰ ਯੈਲੋ ਅਲਰਟ ਜਦੋਂ ਕਿ 12 ਨੂੰ ਔਰੇਂਜ ਅਲਰਟ ਰਹੇਗਾ। ਔਰੇਂਜ ਅਲਰਟ ਵਿਚ ਗਰਮੀ ਦਾ ਜੋਰ ਹੋਰ ਵੀ ਵਧੇਗਾ, ਜਿਸ ਕਾਰਨ ਤਾਪਮਾਨ ਵਿਚ ਵਾਧਾ ਹੋਣਾ ਲਾਜਮੀ ਹੈ। ਹਾਲਤ ਇਹ ਹੈ ਕਿ 2-3 ਦਿਨਾਂ ਤੋਂ ਪੰਜਾਬ ਸਮੇਤ ਕਈ ਸੂਬਿਆਂ ਵਿਚ ਗਰਮੀ ਜੋਰ ਫੜ ਰਹੀ ਹੈ। ਮੌਸਮ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਪੰਜਾਬ ਵਿਚ ਪਿਛਲੇ ਦਿਨੀਂ ਹੋਈ ਬਾਰਿਸ਼ ਤੋਂ ਬਾਅਦ ਤੋਂ ਗਰਮ ਹਵਾਵਾਂ ਦਾ ਜੋਰ ਵਧਿਆ ਹੈ, ਜਿਸ ਨਾਲ ਕਈ ਇਲਾਕਿਆਂ ਵਿਚ ਰਾਤ ਦੇ ਤਾਪਮਾਨ ਵਿਚ ਕਮੀ ਨਹੀਂ ਹੋ ਰਹੀ। ਮੌਸਮ ਵਿਭਾਗ ਵੱਲੋਂ ਜਾਰੀ ਅਲਰਟ ਮੁਤਾਬਕ ਪਤਾ ਲੱਗ ਰਿਹਾ ਹੈ ਕਿ ਗਰਮੀ ਦਾ ਜੋਰ ਇਸ ਹਫਤੇ ਨਹੀਂ ਘਟੇਗਾ। ਬੀਤੇ ਦਿਨੀਂ ਪਠਾਨਕੋਟ ਵਿਚ 43.8 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ, ਜੋ ਕਿ ਪੰਜਾਬ ਦਾ ਸਭ ਤੋਂ ਗਰਮ ਸ਼ਹਿਰ ਰਿਹਾ। ਇਸੇ ਤਰ੍ਹਾਂ ਪਟਿਆਲਾ ਵਿਚ 43.7, ਬਠਿੰਡਾ ਵਿਚ 43.4, ਅੰਮ੍ਰਿਤਸਰ ਵਿਚ 43.2, ਪਹਾੜੀ ਇਲਾਕਿਆਂ ਦੇ ਨਾਲ ਲੱਗਦੇ ਰੋਪੜ ਵਿਚ 41.2 ਡਿਗਰੀ ਸੈਲਸੀਅਸ ਤਾਪਮਾਨ ਰਿਕਾਰਡ ਕੀਤਾ ਗਿਆ। ਤਾਪਮਾਨ 43 ਡਿਗਰੀ 'ਤੇ ਪਹੁੰਚ ਚੁੱਕਾ ਹੈ ਅਤੇ ਆਉਣ ਵਾਲੇ ਦਿਨਾਂ ਵਿਚ ਗਰਮੀ ਵਧੇਗੀ।

ਨਕਾਬਪੋਸ਼ ਪਿਸਤੌਲ ਦੀ ਨੋਕ 'ਤੇ ਔਰਤਾਂ ਕੋਲੋਂ ਸਕੂਟਰੀ ਖੋਹ ਕੇ ਫਰਾਰ

ਬਟਾਲਾ 12 ਜੂਨ। ਨਕਾਬਪੋਸ਼ਾਂ ਵਲੋਂ ਪਿਸਤੌਲ ਦੀ ਨੋਕ 'ਤੇ ਔਰਤਾਂ ਕੋਲੋਂ ਸਕੂਟਰੀ ਖੋਹ ਕੇ ਫਰਾਰ ਹੋਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਕਾਦੀਆਂ ਦੇ ਏ.ਐੱਸ.ਆਈ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਵਿਚ ਮਨਜਿੰਦਰ ਕੌਰ ਪਤਨੀ ਜਗਤਾਰ ਸਿੰਘ ਵਾਸੀ ਹਰਪੁਰਾ ਨੇ ਲਿਖਵਾਇਆ ਹੈ ਕਿ ਉਹ ਆਪਣੀ ਸੱਸ ਸੁਖਬੀਰ ਕੌਰ ਪਤਨੀ ਹਰਭਜਨ ਸਿੰਘ ਨਾਲ ਆਪਣੀ ਕਾਲੇ ਰੰਗ ਦੀ ਐਕਟਿਵਾ ਸਕੂਟਰੀ ਨੰ.ਪੀ.ਬੀ.06ਏ.ਜੇ.4705 'ਤੇ ਸਵਾਰ ਹੋ ਕੇ ਕਾਦੀਆਂ ਤੋਂ ਵਾਪਸ ਪਿੰਡ ਹਰਪੁਰਾ ਨੂੰ ਜਾ ਰਹੀ ਸੀ। ਜਦੋਂ ਉਹ ਦੋਵੇਂ ਦੁਪਹਿਰ ਢਾਈ ਵਜੇ ਦੇ ਕਰੀਬ ਪਿੰਡ ਮੁਰਾਦਪੁਰ ਪੋਲਟਰੀ ਫਾਰਮ ਨੇੜੇ ਪਹੁੰਚੀਆਂ ਤਾਂ ਪਿੱਛੋਂ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਤਿੰਨ ਅਣਪਛਾਤੇ ਨਕਾਬਪੋਸ਼ ਨੌਜਵਾਨ ਆਏ, ਜਿੰਨ੍ਹਾਂ ਨੇ ਉਨ੍ਹਾਂ ਦੀ ਸਕੂਟਰ ਅੱਗੇ ਮੋਟਰਸਾਈਕਲ ਕਰਕੇ ਉਨ੍ਹਾਂ ਨੂੰ ਰੋਕ ਲਿਆ ਅਤੇ ਪਿਸਤੌਲ ਦਿਖਾ ਕੇ ਉਨ੍ਹਾਂ ਕੋਲੋਂ ਸਕੂਟਰੀ ਖੋਹ ਲਈ। ਉਕਤ ਬਿਆਨਕਰਤਾ ਮਹਿਲਾ ਮੁਤਾਬਕ ਸਕੂਟਰੀ ਵਿਚ ਉਸਦਾ ਪਰਸ ਸੀ, ਜਿਸ ਵਿਚ ਇਕ ਮੋਬਾਈਲ ਸੈਮਸੰਗ ਏ-14, ਆਧਾਰ ਤੇ 3000 ਰੁਪਏ ਨਕਦੀ ਸੀ। ਏ.ਐੱਸ.ਆਈ ਕੁਲਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਥਾਣਾ ਕਾਦੀਆਂ ਵਿਖੇ ਬਣਦੀਆਂ ਧਾਰਾਵਾਂ ਤਿੰਨ ਅਣਪਛਾਤੇ ਨੌਜਵਾਨਾਂ ਖਿਲਾਫ ਕੇਸ ਦਰਜ ਕਰ ਦਿੱਤਾ ਗਿਆ ਹੈ।

ਤਪਾ ਵਪਾਰੀ ਦੀ ਕਾਰ ਵਿਚੋਂ ਲੱਖਾਂ ਰੁਪਏ ਨਗਦੀ ਅਤੇ ਜਰੂਰੀ ਕਾਗਜਾਂ ਵਾਲਾ ਬੈਗ ਚੋਰੀ

ਤਪਾ ਮੰਡੀ 12 ਜੂਨ। ਸਥਾਨਕ ਮੰਡੀ ਦੇ ਇਕ ਵਪਾਰੀ ਦੀ ਕਾਰ ਵਿਚੋਂ ਅਣਪਛਾਤਾ ਵਿਅਕਤੀ ਲੱਖਾਂ ਰੁਪਏ ਨਗਦੀ ਅਤੇ ਜਰੂਰੀ ਕਾਗਜਾਤ ਚੋਰੀ ਕਰਕੇ ਲੈ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸੰਬੰਧੀ ਰਾਹੁਲ ਬਾਂਸਲ ਪੁੱਤਰ ਸੰਦੀਪ ਬਾਂਸਲ ਵਾਸੀ ਬਾਗ ਬਸਤੀ ਤਪਾ ਨੇ ਦੱਸਿਆ ਕਿ 3 ਜੂਨ ਦੀ ਰਾਤ ਕੋਈ 8.30 ਵਜੇ ਕਰੀਬ ਉਹ ਅਪਣੀ ਗੱਡੀ 'ਚ ਸਵਾਰ ਹੋ ਕੇ ਅਪਣੀ ਫੈਕਟਰੀ ਦੇ ਕੰਮ ਬਰਨਾਲਾ ਵਿਖੇ ਗਿਆ ਸੀ ਤਾਂ ਆਪਣੀ ਗੱਡੀ ਹੰਡਿਆਇਆ ਬਾਜਾਰ, ਨੇੜੇ ਸਿੰਧ ਬੈਂਕ ਖੜ੍ਹੀ ਕਰਕੇ ਚਲਾ ਗਿਆ ਜਦ ਕੁਝ ਮਿੰਟਾਂ ਬਾਅਦ ਵਾਪਸ ਆ ਕੇ ਗੱਡੀ ਸਟਾਰਟ ਕਰਕੇ ਚੱਲਣ ਲੱਗਾ ਤਾਂ ਇਕ ਅਣਪਛਾਤਾ ਨੌਜਵਾਨ ਜਿਸ ਨੇ ਕਾਲੇ ਰੰਗ ਦੀ ਕਮੀਜ ਪਾਈ ਹੋਈ ਸੀ ਨੇ ਅੱਗੇ ਆ ਕੇ ਕਿਹਾ ਕਿ ਗੱਡੀ 'ਚੋਂ ਮੁਗਲੈਲ ਲੀਕ ਕਰ ਰਿਹਾ ਹੈ, ਜਦ ਗੱਡੀ 'ਚੋਂ ਹੇਠਾਂ ਉਤਰ ਕੇ ਬੌਨੈਟ ਚੁੱਕ ਕੇ ਦੇਖਿਆ ਤਾਂ ਅਣਪਛਾਤਾ ਨੌਜਵਾਨ ਖਿੜਕੀ ਖੋਲ੍ਹ ਕੇ ਗੱਡੀ 'ਚ ਪਿਆ ਬੈਗ ਜਿਸ ਵਿਚ 2 ਲੱਖ 10 ਹਜਾਰ ਰੁਪਏ ਨਗਦ ਅਤੇ ਫੈਕਟਰੀ

ਸ਼ਿਵ ਸੈਨਾ ਹਿੰਦੂਸਤਾਨ ਵੱਲੋਂ ਜੰਮੂ ਕਸ਼ਮੀਰ ਵਿਖੇ ਸ਼ਰਧਾਲੂਆਂ 'ਤੇ ਕੀਤੇ ਹਮਲੇ ਦੀ ਪਾਕਿਸਤਾਨ ਪੱਖੀ ਕਸ਼ਮੀਰੀ ਮੁਸਲਿਮ ਅੱਤਵਾਦੀਆਂ ਦੇ ਘਿਨਾਉਣੇ ਕਾਰੇ ਦੀ ਨਿਖੇਧੀ

ਪਟਿਆਲਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੀ ਸ਼ਾਮ ਜੰਮੂ ਦੇ ਰਿਆਸੀ ਜ਼ਿਲ੍ਹੇ ਦੇ ਪ੍ਰਸਿੱਧ ਹਿੰਦੂ ਤੀਰਥ ਸਥਾਨ ਭਗਵਾਨ ਸ਼ਿਵ ਨਾਲ ਸਬੰਧਤ ਸ਼ਿਵਖੋੜੀ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਸ਼੍ਰੀ ਵੈਸ਼ਨੋ ਦੇਵੀ ਮਾਤਾ ਜੀ ਦੇ ਦਰਸ਼ਨਾਂ ਲਈ ਕਟੜਾ ਵੱਲ ਜਾ ਰਹੀ ਸ਼ਰਧਾਲੂਆਂ ਦੀ ਬੱਸ 'ਤੇ ਕਸ਼ਮੀਰੀ ਮੁਸਲਿਮ ਅੱਤਵਾਦੀਆਂ ਨੇ ਹਮਲਾ ਕਰ ਦਿੱਤਾ। ਚੰਡੀ ਮੋੜ 'ਤੇ ਅੱਤਵਾਦੀਆਂ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਜਿਸ ਕਾਰਨ ਬੱਸ ਡਰਾਈਵਰ ਨੇ ਘਬਰਾਹਟ ਵਿੱਚ ਬੱਸ ਤੋਂ ਕੰਟਰੋਲ ਖੋਹ ਲਿਆ ਅਤੇ ਬੱਸ ਡੂੰਘੀ ਖਾਈ ਵਿੱਚ ਜਾ ਡਿੱਗੀ। ਜਿਸ ਕਾਰਨ 10 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਵੱਡੀ ਗਿਣਤੀ 'ਚ ਸ਼ਰਧਾਲੂ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਬਾਅਦ 'ਚ ਆਮ ਲੋਕਾਂ ਅਤੇ ਜ਼ਿਲਾ ਪ੍ਰਸ਼ਾਸਨ ਵੱਲੋਂ ਸਥਾਨਕ ਹਸਪਤਾਲ ਪਹੁੰਚਾਇਆ ਗਿਆ।

ਸ਼ਿਵ ਸੈਨਾ ਹਿੰਦੂਸਤਾਨ ਅਤੇ ਹਿੰਦੂਸਤਾਨ ਸ਼ਕਤੀ ਸੈਨਾ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਪਾਕਿਸਤਾਨ ਪੱਖੀ ਕਸ਼ਮੀਰੀ ਮੁਸਲਿਮ ਅੱਤਵਾਦੀਆਂ ਦੇ ਇਸ ਘਿਨਾਉਣੇ ਕਾਰੇ ਅਤੇ ਹਮਲੇ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਵਿਸ਼ੇਸ਼ ਤੌਰ 'ਤੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਧਾਰਾ 370 ਨੂੰ ਹਟਾਉਣ ਤੇ ਸਿਰਫ਼ ਪਿੱਠ ਥਪਥਪਾਉਣ ਤੋਂ ਕੰਮ ਨਹੀਂ ਚਲੇਗਾ, ਚਾਹੇ ਉਹ ਪਕਸ਼ਮੀਰੀ ਅੱਤਵਾਦੀ, ਜਿਨ੍ਹਾਂ ਅੱਤਵਾਦੀਆਂ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ, ਉਨ੍ਹਾਂ ਨਾਲ ਜ਼ਬਰਦਸਤੀ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਰਹਿਮ ਨਹੀਂ ਮਿਲਣੀ ਚਾਹੀਦੀ। ਸ਼ਰਧਾਲੂਆਂ ਨਾਲ ਭਰੀ ਬੱਸ 'ਤੇ ਘਿਨਾਉਣੇ ਹਮਲੇ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਜਲਦੀ ਤੋਂ ਜਲਦੀ ਕਾਬੂ ਕਰਨ ਲਈ ਸੁਰੱਖਿਆ ਬਲਾਂ ਨੂੰ ਹਰ ਕਿਸੇ ਕਿਸਮ ਦੀ ਛੋਟ ਦਿੱਤੀ ਜਾਣੀ ਚਾਹੀਦੀ ਹੈ। ਸ਼ਿਵ ਸੈਨਾ ਹਿੰਦੂਸਤਾਨ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਭਾਰਤੀ ਜਮਹੂਰੀਅਤ ਦੀ ਆੜ ਵਿੱਚ ਅੱਤਵਾਦੀਆਂ ਨੂੰ ਹੁਲਾਰਾ ਮਿਲਦਾ ਰਹੇਗਾ, ਜਿਸ ਤਰ੍ਹਾਂ ਦੇ ਨਤੀਜੇ ਸ੍ਰੀ ਖਡੂਰ ਸਾਹਿਬ ਦੀ ਸੀਟ ਅਤੇ ਫਰੀਦਕੋਟ ਦੀ ਸੀਟ 'ਤੇ ਅੱਤਵਾਦੀ ਵਿਚਾਰਧਾਰਾ ਵਾਲੇ ਲੋਕਾਂ ਦੇ ਹੱਕ ਵਿੱਚ ਆਏ ਹਨ। ਇਹ ਚੰਗਾ ਸੰਕੇਤ ਨਹੀਂ ਹੈ ਪਰ ਅੱਤਵਾਦ ਦੀ ਰੀੜ੍ਹ ਦੀ ਹੱਡੀ ਨੂੰ ਮਜ਼ਬੂਤ ਕਰਨ ਲਈ ਖਤਰਨਾਕ ਕੰਮ ਕੀਤਾ ਗਿਆ ਹੈ। ਜਿਸ ਕਾਰਨ ਨੌਜਵਾਨ ਕੁਰਾਹੇ ਪੈਣਗੇ ਅਤੇ ਅੱਤਵਾਦ ਵੱਲ ਪ੍ਰੇਰਿਤ ਹੋਣਗੇ ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਖਤਰਨਾਕ ਸਾਬਤ ਹੋ ਸਕਦੇ ਹਨ।

ਅੰਤ ਵਿੱਚ ਸ਼੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਨੇ ਉਪਰੋਕਤ ਵਿਚਾਰ ਦਿੰਦੇ ਹੋਏ ਕੇਂਦਰ ਅਤੇ ਜੰਮੂ ਕਸ਼ਮੀਰ ਸਰਕਾਰ ਤੋਂ ਮੰਗ ਕੀਤੀ ਕਿ ਮਾਰੇ ਗਏ ਸਾਰੇ ਸ਼ਰਧਾਲੂਆਂ ਦੇ ਪਰਿਵਾਰਾਂ ਨੂੰ ਇੱਕ ਇਕ ਕਰੋੜ ਰੁਪਏ ਦਾ ਮੁਆਵਜਾ ਅਤੇ ਉਹਨਾਂ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਅਤੇ ਇਨ੍ਹਾਂ ਸਾਰੀਆਂ ਅੱਤਵਾਦੀ ਘਟਨਾਵਾਂ ਕਾਰਨ ਹਿੰਦੂ ਸਮਾਜ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚੀ ਹੈ। ਜ਼ਖਮੀ ਹੋਏ ਸ਼ਰਧਾਲੂਆਂ ਨੂੰ ਘੱਟੋ-ਘੱਟ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇ ਨਾਲ-ਨਾਲ ਸਹੀ ਇਲਾਜ ਵੀ ਦਿੱਤਾ ਜਾਵੇ। ਆਮ ਲੋਕਾਂ ਨੂੰ ਉਨ੍ਹਾਂ ਅੱਤਵਾਦੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਜੋ ਅਜਿਹੀਆਂ ਕਾਰਵਾਈਆਂ ਕਰਕੇ ਦੇਸ਼ ਅਤੇ ਜੰਮੂ-ਕਸ਼ਮੀਰ ਦੀ ਸ਼ਾਂਤੀ ਅਤੇ ਸਦਭਾਵਨਾ ਨੂੰ ਵਿਗਾੜਨਾ ਚਾਹੁੰਦੇ ਹਨ, ਪਰ ਸਰਕਾਰ ਨੂੰ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਨੂੰ ਲੈ ਕੇ ਸ਼ਹਿਰ ਵਿੱਚ ਤਿਉਹਾਰ ਦਾ ਮਾਹੌਲ

ਬਰਨਾਲਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਸਹੁੰ ਚੁੱਕ ਸਮਾਗਮ ਮੌਕੇ ਸਦਰ ਬਜ਼ਾਰ ਛੱਤਾ ਖੂਹ ਵਿਖੇ ਵੱਡੀ ਸਕਰੀਨ 'ਤੇ ਲਾਈਵ ਟੈਲੀਕਾਸਟ ਕੀਤਾ ਗਿਆ ਅਤੇ ਪੂਰੇ ਸ਼ਹਿਰ ਵਿੱਚ ਤਿਉਹਾਰ ਦਾ ਮਾਹੌਲ ਦੇਖਣ ਨੂੰ ਮਿਲ ਰਿਹਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਭਾਜਪਾ ਦੇ ਹਲਕਾ ਇੰਚਾਰਜ ਸ੍ਰੀ ਧੀਰਜ ਦਧਾਹੂਰ ਨੇ ਕਿਹਾ ਕਿ ਮੋਦੀ ਸਰਕਾਰ ਦੇ 3.0 ਦੇ ਕਾਰਜਕਾਲ ਦੌਰਾਨ ਭਾਰਤ ਵਿਸ਼ਵ ਸ਼ਕਤੀ ਬਣ ਕੇ ਉਭਰੇਗਾ ਅਤੇ ਐਨ.ਡੀ.ਏ ਸਰਕਾਰ ਆਪਣਾ ਕਾਰਜਕਾਲ ਪੂਰਾ ਕਰੇਗੀ। ਇਸ ਖੁਸ਼ੀ ਦੇ ਮੌਕੇ 'ਤੇ ਸ਼ਹਿਰ ਵਾਸੀਆਂ ਅਤੇ ਵਪਾਰੀਆਂ ਨੇ ਲੱਡੂ, ਸਮੋਸੇ ਅਤੇ ਕੋਲਡ ਡਰਿੰਕ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ।

ਇਸ ਮੌਕੇ ਆਤਿਸ਼ਬਾਜ਼ੀ ਚਲਾ ਕੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ ਗਿਆ।

ਲੋਕਾਂ ਦਾ ਉਤਸ਼ਾਹ ਮਾਹੌਲ ਨੂੰ ਹੋਰ ਵਧਾ ਰਿਹਾ ਸੀ। ਇਸ ਸਮੇਂ ਜੈ ਸ਼੍ਰੀ ਰਾਮ, ਜੈ ਸ਼੍ਰੀ ਰਾਮ ਦੇ ਨਾਅਰੇ ਲੋਕਾਂ ਵਿੱਚ ਜੋਸ਼ ਅਤੇ ਉਤਸ਼ਾਹ ਪੈਦਾ ਕਰ ਰਹੇ ਸਨ। ਇਸ ਮੌਕੇ ਇੰਜੀ. ਗੁਰਜਿੰਦਰ ਸਿੰਘ ਸਿੱਧੂ, ਗੁਰਦਰਸ਼ਨ ਸਰਪੰਚ, ਨੀਰਜ ਜਿੰਦਲ, ਸੁਭਾਸ਼ ਮੱਕੜ, ਪ੍ਰੇਮ ਸੇਠਾ, ਉਮੇਸ਼ ਜੋਧਪੁਰੀਆ, ਸੋਹਨ ਲਾਲ ਬਾਂਸਲ, ਸੁਭਾਸ਼ ਮੱਕੜ, ਉਪਿੰਦਰ ਸਰਪੰਚ, ਲੱਕੀ, ਰਵੀ ਬਾਂਸਲ, ਸੋਹਣ ਲਾਲ ਮਿੱਤਲ, ਸੋਮਨਾਥ ਸਹੌਰੀਆ, ਭਾਰਤ ਭੂਸ਼ਨ ਬਾਂਸਲ, ਰੋਪਸ਼ਨ ਠੇਕੇਦਾਰ, ਸ. ਅਲਾਲ, ਬਲਕਰਨ ਸਿੰਘ, ਲੋਕੇਸ਼ ਮੱਕੜ, ਕੁਲਦੀਪ ਮਿੱਤਲ, ਮੋਨੂੰ ਗੋਇਲ, ਪ੍ਰਤੀਕ ਮਿੱਤਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਪਾਰੀ ਅਤੇ ਸ਼ਹਿਰ ਵਾਸੀ ਹਾਜ਼ਰ ਸਨ।

ਮਾਛੀਵਾੜਾ ਸਾਹਿਬ ਵਿੱਚ ਮਨਾਇਆ ਗਿਆ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ

ਮਾਛੀਵਾੜਾ ਸਾਹਿਬ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮਾਛੀਵਾੜਾ ਸਾਹਿਬ ਦੇ ਪਵਿੱਤਰ ਸਥਾਨ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਅਤੇ ਗੁਰਦੁਆਰਾ ਸ੍ਰੀ ਗਨੀ ਖਾਂ,ਨਬੀ ਖਾਂ ਵਿਖੇ ਸ਼ਹੀਦਾਂ ਦੇ ਸਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਤੇ ਕਥਾ ਕੀਰਤਨ ਦਰਬਾਰ ਕਰਵਾਏ ਗਏ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਦੇ ਨਾਲ ਛੋਲਿਆਂ ਦਾ ਲੰਗਰ ਵੀ ਵਰਤਾਇਆ ਗਿਆ।

ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਵਿਖੇ ਪਿਛਲੇ 40 ਦਿਨ੍ਹਾਂ ਤੋਂ ਮਾਤਾ ਹਰਦੇਈ ਕੀਰਤਨੀ ਜੱਥੇ ਵੱਲੋਂ ਸੁਖਮਨੀ ਸਾਹਿਬ ਦੇ ਪਾਠਾਂ ਦੀ ਸੇਵਾ ਕੀਤੀ ਗਈ ਅਤੇ ਲੜੀ ਦੀ ਸਮਾਪਤੀ ਕਰਦਿਆਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦੇ ਭੋਗ ਵੀ ਪਾਏ ਗਏ। ਉਪਰੰਤ ਸੰਗਤਾਂ ਦੇ ਲਈ ਠੰਡੇ ਮਿੱਠੇ ਜਲ ਦੀ ਛਬੀਲ , ਬਰੈਡ ਛੋਲਿਆਂ ਦਾ ਲੰਗਰ ਅਤੇ ਠੰਡਾ ਠੰਡਾ ਜਲਜੀਰਾ ਵੀ ਵਰਤਾਇਆ ਆ ਗਿਆ। ਇਤਿਹਾਸਿਕ ਤੇ ਪਵਿੱਤਰ ਸਥਾਨ ਗੁਰਦੁਆਰਾ ਸ੍ਰੀ ਚਰਨ ਕਮਲ ਸਾਹਿਬ ਵਿਖੇ ਸੰਗਤਾਂ ਨੂੰ ਵੱਡੀ ਗਿਣਤੀ ਵਿੱਚ ਨਤਮਸਤਕ ਹੁੰਦਿਆਂ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੀ ਕੁਰਬਾਨੀ ਨੂੰ ਸਿਜਦਾ ਕੀਤਾ। ਰਾਗੀ, ਢਾਡੀ ਅਤੇ ਕੀਰਤਨੀ ਜੱਥਿਆਂ ਵੱਲੋਂ ਪੁੱਜੀਆਂ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਦਿਆਂ ਕਥਾ ਵਿਖਿਆਨ ਕੀਤਾ ਗਿਆ।

ਗੁਰਦੁਆਰਾ ਸ੍ਰੀ ਗਨੀ ਖਾਂ ਨਬੀ ਖਾਂ ਵਿਖੇ ਸੰਗਤਾਂ ਦੀ ਸੇਵਾ ਕਰਨ ਵਾਲਿਆਂ ਵਿੱਚ ਮੁੱਖ ਤੌਰ ਤੇ ਸਾਬਕਾ ਕੌਂਸਲਰ ਜਗਦੀਸ਼ ਸਿੰਘ ਰਠੌਰ , ਬਾਬਾ ਵਧਾਵਾ ਸਿੰਘ, ਰਣਜੀਤ ਸਿੰਘ ,ਮਾਸਟਰ ਮਹਿੰਦਰ ਸਿੰਘ, ਤਮਨਪ੍ਰੀਤ ਸਿੰਘ ਗੁਰਮ, ਕਮਲਪ੍ਰੀਤ ਸਿੰਘ ,ਗੁਰਮੁਖ ਸਿੰਘ, ਰਾਜਵੀਰ ਸਿੰਘ, ਹੈਪੀ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਿਲ ਸਨ।

ਅਲਜਾਇਮਰ ਅਤੇ ਡਿਮੈਂਸੀਆ ਰੋਗਾਂ ਤੋਂ ਕੀਤਾ ਜਾਗਰੂਕ

ਅੰਮ੍ਰਿਤਸਰ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਲਜ਼ਾਈਮਰ ਅਤੇ ਡਿਮੈਂਸ਼ੀਆ ਵਰਗੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਅੱਤੇ ਇਸ ਦਿਮਾਗੀ ਬੀਮਾਰੀ , ਜਿਸ ਨਾਲ ਹੌਲੀ-ਹੌਲੀ ਵਿਅਕਤੀ ਦੀ ਯਾਦ ਸ਼ਕਤੀ ਅਤੇ ਸੋਚਣ ਦੀ ਸ਼ਕਤੀ ਘਟਦੀ ਹੈ।ਦਿਮਾਗ ਰੋਗਾਂ ਦੇ ਮਾਹਰ ਡਾਕਟਰ ਦਿਨੇਸ਼ ਕੁਮਾਰ ਡੀ ਐਮ ਨਿਰਾਲੋਜੀ ਪ੍ਰੋਫੈਸਰ ਗੁਰੂ ਰਾਮਦਾਸ ਜੀ ਮੈਡੀਕਲ ਕਾਲਜ ਵੱਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਿਮਾਗ ਦੇ ਸੈੱਲਾਂ ਦੇ ਕਮਜ਼ੋਰ ਹੋਣ ਕਾਰਨ ਅਲਜ਼ਾਈਮਰ ਦਾ ਖ਼ਤਰਾ ਵੱਧ ਜਾਂਦਾ ਹੈ ਅਤੇ ਵਿਅਕਤੀ ਹੌਲੀ-ਹੌਲੀ ਆਪਣੀ ਯਾਦਾਸ਼ਤ ਗੁਆਉਣਾ ਸ਼ੁਰੂ ਕਰ ਦਿੰਦਾ ਹੈ।



ਡਿਮੈਂਸ਼ੀਆ ਅਲਜ਼ਾਈਮਰ ਰੋਗ ਦਾ ਸਭ ਤੋਂ ਆਮ ਰੂਪ ਹੈ। ਇਹ ਬਿਮਾਰੀ ਸਿਰਫ਼ ਬਜ਼ੁਰਗਾਂ ਤੱਕ ਹੀ ਸੀਮਤ ਨਹੀਂ ਰਹਿ ਗਈ , ਸਗੋਂ ਨੌਜਵਾਨ ਵੀ ਇਸ ਬਿਮਾਰੀ ਦੀ ਲਪੇਟ ਵਿੱਚ ਆ ਰਹੇ ਹਨ। ਹਰ ਸਾਲ ਲੱਖਾਂ ਲੋਕ ਇਸ ਬਿਮਾਰੀ ਦਾ ਸ਼ਿਕਾਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸਮੇਂ ਸਿਰ ਇਸ ਦੇ ਲੱਛਣਾਂ ਨੂੰ ਪਛਾਣ ਕੇ ਕਿਸੇ ਮਾਹਿਰ ਨਿਊਰੋਲੋਜਿਸਟ ਤੋਂ ਇਲਾਜ ਸ਼ੁਰੂ ਕਰਵਾਇਆ ਜਾਵੇ ਤਾਂ ਇਸ ਬਿਮਾਰੀ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ।

ਮਾਹਰ ਨੇ ਹੋਰ ਦੱਸਿਆ ਕਿ ਇਸ ਰੋਗ ਨਾਲ ਅੱਖਾਂ ਦੀ ਰੋਸ਼ਨੀ ਘਟਣਾ, ਛੋਟੇ-ਮੋਟੇ ਕੰਮ ਕਰਨ ਵਿੱਚ ਮੁਸ਼ਕਲ, ਪਰਿਵਾਰ ਦੇ ਮੈਂਬਰਾਂ ਨੂੰ ਪਛਾਣ ਨਾ ਸਕਣਾ, ਰਾਤ ਨੂੰ ਨੀਂਦ ਨਾ ਆਉਣਾ, ਰੱਖੀਆਂ ਚੀਜ਼ਾਂ ਭੁੱਲ ਜਾਣਾ, ਉਦਾਸੀ, ਡਰ, ਸ਼ਖਸੀਅਤ ਵਿੱਚ ਤਬਦੀਲੀ, ਯਾਦ ਨਾ ਆਉਣਾ।

ਸਤਲੁਜ ਦਰਿਆ 'ਤੇ ਬਣੇ ਪੁੱਲ ਦੀ ਹਾਲਤ ਹੋ ਰਹੀ ਹੈ ਦਿਨ ਪ੍ਰਤੀ ਦਿਨ ਖਸਤਾ

ਮਾਛੀਵਾੜਾ ਸਾਹਿਬ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਖੰਨਾ ਨਵਾਂ ਸ਼ਹਿਰ ਰੋਡ ਉੱਤੇ ਸਤਲੁਜ ਦਰਿਆ ਤੇ ਬਣਿਆ ਹੋਇਆ ਪੁੱਲ ਹਾਲਤ ਪੱਖੋਂ ਦਿਨ ਪ੍ਰਤੀ ਦਿਨ ਖਸਤਾ ਹੁੰਦੀ ਜਾ ਰਹੀ ਹੈ। ਮੌਕੇ ਤੇ ਜਾ ਕੇ ਪੁੱਲ ਦੀ ਹਾਲਤ ਨੂੰ ਦੇਖਿਆ ਗਿਆ ਤਾਂ ਪੁਲ ਦੇ ਦੋਨਾਂ ਪਾਸਿਆਂ ਤੋਂ ਸ਼ੁਰੂਆਤੀ ਸਲੈਬਾਂ ਦੇ ਨਾਲ ਸੜਕ ਬੁਰੀ ਤਰ੍ਹਾਂ ਖਸਤਾ ਹਾਲਤ ਹੋ ਚੁੱਕੀ ਹੈ।

ਦੋਨੋਂ ਪਾਸਿਆਂ ਤੋਂ ਜਦੋਂ ਪੁਲ ਉੱਤੇ ਚੜ੍ਹਦੇ ਹਾਂ ਤਾਂ ਵੱਡੇ ਟੋਏ ਪੈ ਚੁੱਕੇ ਹਨ ਜੋ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇ ਰਹੇ ਹਨ। ਮਾਛੀਵਾੜਾ ਪਾਸੇ ਤੋਂ ਜਦੋਂ ਪੁੱਲ ਉੱਤੇ ਚੜ੍ਹਦੇ ਹਾਂ ਤਾਂ ਪੁੱਲ ਦੀ ਪਹਿਲੀਆਂ ਹੀ ਸਲੈਬਾਂ ਵਿਚਕਾਰ ਡੇਢ ਤੋਂ ਦੋ ਫੁੱਟ ਦਾ ਇੱਕ ਡੂੰਘਾ ਖੱਡਾ ਪੈ ਗਿਆ ਹੈ ਜਿਸ ਵਿੱਚੋਂ ਸਲੈਬ ਦੇ ਸਰੀਏ ਤੱਕ ਬਾਹਰ ਨਿਕਲ ਆਏ ਹਨ। ਪੁੱਲ ਦੇ ਉੱਤੇ ਦੋਨਾਂ ਪਾਸਿਆਂ ਤੋਂ ਜਿੱਥੋਂ ਬਰਸਾਤ ਦਾ ਪਾਣੀ ਲੱਗੀਆਂ ਪਾਇਪਾਂ ਰਾਹੀਂ ਥੱਲੇ ਡਿੱਗਣਾ ਹੈ ਉਹ ਪੂਰੀ ਤਰ੍ਹਾਂ ਬੰਦ ਹੋ ਚੁੱਕੀਆਂ ਹਨ ,ਕਿਉਂਕਿ ਪੁੱਲ ਦੇ ਉੱਤੇ ਸਲੈਬਾਂ ਦੇ ਦੋਨੋਂ ਪਾਸੇ ਫੁੱਟ -ਫੁੱਟ ਤੋਂ ਜਿਆਦਾ ਮਿੱਟੀ ਜੰਮੀ ਪਈ ਹੈ। ਪੁੱਲ ਤੇ ਉੱਤੇ ਬਣੀ ਹੋਈ ਇੱਟ ਸੀਮਿੰਟ ਦੀ ਰੇਲਿੰਗ ਦੀ ਹਾਲਤ ਵੀ ਖਸਤਾ ਹੋ ਚੁੱਕੀ ਹੈ। ਪੁਲ ਬਣਨ ਤੋਂ ਬਾਅਦ ਲੱਗਦਾ ਉਸਨੂੰ ਕਦੇ ਰੰਗ ਰੋਗਨ ਹੋਇਆ ਹੀ ਨਹੀਂ ,ਲੋਹੇ ਦੀਆਂ ਪਾਇਪਾਂ ਨਾਲ ਬਣਾਈ ਹੋਈ ਰੋਕ ਬੁਰੀ ਤਰ੍ਹਾਂ ਨੁਕਸਾਨੀ ਜਾ ਚੁੱਕੀ ਹੈ ,ਰੰਗ ਰੋਗਨ ਤੋਂ ਬਿਨਾਂ ਉਸਨੂੰ ਜੰਗਾਲ ਲੱਗਿਆ ਪਿਆ ਹੈ।

ਪੁੱਲ ਉੱਤੇ ਲੱਗੀਆਂ ਹੋਈਆਂ ਲਾਈਟਾਂ ਦੀਆਂ ਬੈਟਰੀਆਂ ਹੀ ਕੋਈ ਲਾਹਕੇ ਲੈ ਗਿਆ ਹੈ ।

ਜੇਕਰ ਸੰਬੰਧਿਤ ਵਿਭਾਗਾਂ ਵੱਲੋਂ ਜਲਦੀ ਹੀ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਬਰਸਾਤਾਂ ਤੋਂ ਪਹਿਲਾਂ ਹੀ ਇਸ ਪੁੱਲ ਦੀ ਹਾਲਤ ਬਹੁਤ ਭੈੜੀ ਹੋ ਜਾਵੇਗੀ ਅਤੇ ਇਸ ਨੂੰ ਪ੍ਰਸ਼ਾਸਨ ਵੱਲੋਂ ਬੰਦ ਹੀ ਕਰਨਾ ਪਵੇਗਾ। ਕਿਉਂਕਿ ਬਰਸਾਤਾਂ ਦੇ ਦਿਨਾਂ ਵਿੱਚ ਦਰਿਆ ਦੇ ਵਿੱਚ ਪਾਣੀ ਦਾ ਪੱਧਰ ਵੱਧਣ ਨਾਲ ਫਿਰ ਇਸ ਦੀ ਰਿਪੇਅਰ ਦੇ ਲਈ ਵੀ ਸਮੱਸਿਆਵਾਂ ਖੜ੍ਹੀਆਂ ਹੋ ਜਾਂਦੀਆਂ ਹਨ। ਲੰਘੇ ਸਮੇਂ ਵਿੱਚ ਵੀ ਪੁੱਲ ਦੀ ਸਲੈਬ ਧੱਸਣ ਨਾਲ ਲੰਬਾ ਸਮਾਂ ਇਸ ਪੁੱਲ ਨੂੰ ਆਵਾਜਾਈ ਲਈ ਬੰਦ ਕਰਨਾ ਪਿਆ ਸੀ, ਪਹਿਲਾਂ ਵੀ ਇਸ ਪੁੱਲ ਦੀ ਮੁਰੰਮਤ ਕਈ ਵਾਰੀ ਹੋ ਚੁੱਕੀ ਹੈ ਪਰ ਫਿਰ ਵੀ ਪੁੱਲ ਦੇ ਹਾਲਾਤ ਉਹੀ ਬਣੇ ਹੋਏ ਹਨ, ਕਿਉਂਕਿ ਓਵਰਲੋਡ ਟਿੱਪਰ, ਟਰੱਕਾਂ ਦੇ ਨਾਲ ਇਸ ਦੀ ਹਾਲਤ ਬਹੁਤ ਜਲਦ ਤਰਸਯੋਗ ਹੋ ਜਾਂਦੀ ਹੈ।

ਕੀ ਕਹਿਣਾ ਹੈ ਐੱਸ.ਡੀ.ਓ ਨਵਾਂਸ਼ਹਿਰ ਦਾ

ਇਸ ਸੰਬੰਧੀ ਜਦੋਂ ਐੱਸ.ਡੀ.ਓ. ਨਵਾਂ ਸ਼ਹਿਰ ਨਾਲ ਸੰਪਰਕ ਸਾਧਿਆ ਗਿਆ ਤਾਂ ਉਹਨਾਂ ਕਿਹਾ ਕਿ ਚੋਣਾਂ ਹੋਣ ਕਾਰਨ ਉਹ ਬਹੁਤ ਵਿਅਸਥ ਸਨ,ਇਸ ਲਈ ਉਹ ਇਸ ਕੰਮ ਵੱਲ ਧਿਆਨ ਨਹੀਂ ਦੇ ਸਕੇ ਤੇ ਬਹੁਤ ਜਲਦ

ਪੰਜਾਬ ਦੇ ਪੰਛੀ

ਬੱਚਿਓ! ਇਸ ਦੁਨੀਆ 'ਤੇ ਅਨੇਕਾਂ ਜੀਵ-ਜੰਤੂਆਂ ਦਾ ਨਿਵਾਸ ਹੈ, ਜਿਨ੍ਹਾਂ 'ਚੋਂ ਕੁਝ ਲੋਪ ਹੋ ਚੁੱਕੇ ਹਨ। ਆਓ, ਅਸੀਂ ਤੁਹਾਨੂੰ ਪੰਛੀਆਂ ਬਾਰੇ ਦੱਸੀਏ...

ਚੱਕੀਰਾਹਾ ਬੋਬੇਦੁੱਖ

hoopoe/upupa epops

ਲੰਬਾਈ 31 ਸੈਂਟੀਮੀਟਰ ਭਾਰ 50 ਗ੍ਰਾਮ

ਸਿਰ 'ਤੇ ਪੱਖੇ ਵਰਗੀ ਕਲਗੀ ਹੁੰਦੀ ਹੈ, ਜਿਸ ਨੂੰ ਇਹ ਕਦੇ ਖਿਲਾਰ ਲੈਂਦਾ ਹੈ ਅਤੇ ਕਦੇ ਇਕੱਠਾ ਕਰ ਲੈਂਦਾ ਹੈ। ਕਲਗੀ ਦੇ ਅਗਲੇ ਖੰਭ ਛੋਟੇ ਅਤੇ ਪਿਛਲੇ ਲੰਮੇ ਹੁੰਦੇ ਹਨ। ਕਲਗੀ ਦੇ ਖੰਭਾਂ ਦੇ ਸਿਰੇ ਚਿੱਟੇ ਅਤੇ ਕਾਲੇ ਹੁੰਦੇ ਹਨ। ਕਲਗੀ ਧੌਣ, ਪਿੱਠ ਅਤੇ ਹਿੱਕ ਖਾਕੀ ਲਾਲ ਰੰਗ ਦੀ ਹੁੰਦੀ ਹੈ ਪਰ ਪੈਰ ਉੱਤੇ ਕਾਲੇ ਅਤੇ ਚਿੱਟੇ ਰੰਗ ਦਾ ਮੋਟਾ-ਮੋਟਾ ਲਹਿਰੀਆ ਹੁੰਦਾ ਹੈ। ਉਡਾਰੀ ਵੇਲੇ ਇਹ ਲਹਿਰੀਆ ਹੋਰ ਵੀ ਉਘੜ ਆਉਂਦਾ ਹੈ। ਅੱਖਾਂ ਡੂਰੀਆਂ ਹੁੰਦੀਆਂ ਹਨ। ਚੁੰਝ ਲੰਮੀ ਪਤਲੀ ਅਤੇ ਥੋੜ੍ਹੀ ਕਮਾਨ ਦੀ ਤਰ੍ਹਾਂ ਮੁੜੀ ਹੋਈ ਸੁਰਮਈ ਰੰਗ ਦੀ ਹੁੰਦੀ ਹੈ।

• ਰਾਜਪਾਲ ਸਿੰਘ ਸਿੱਧੂ

ਬਾਲ-ਸਿਰਜਣਾ

'ਨਿੱਕੀ ਦੁਨੀਆ' ਟੀਮ ਵੱਲੋਂ ਬੱਚਿਆਂ 'ਚ ਸਿਰਜਣਾਤਮਕ ਰੁਚੀ ਪੈਦਾ ਕਰਨ ਲਈ ਇਕ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਵਿਚ ਬੱਚੇ ਆਪਣੀਆਂ ਮੌਲਿਕ ਰਚਨਾਵਾਂ, ਲੇਖ, ਚੁਟਕਲੇ, ਕਹਾਣੀਆਂ ਅਤੇ ਕਵਿਤਾਵਾਂ ਭੇਜ ਸਕਦੇ ਹੋ। ਉਮੀਦ ਹੈ ਕਿ ਤੁਸੀਂ ਸਾਰੇ ਬੱਚੇ ਇਸ ਕਾਲਮ 'ਚ ਆਪਣੇ ਭਰਪੂਰ ਯੋਗਦਾਨ ਦਿਓਗੇ। ਤੁਸੀਂ ਆਪਣੀਆਂ ਲਿਖਤਾਂ ਸਾਨੂੰ ਆਪਣੀ ਪੂਰੇ ਪਤੇ ਅਤੇ ਫੋਟੋ ਸਮੇਤ ਹੇਠ ਲਿਖੇ ਪਤੇ 'ਤੇ ਭੇਜ ਸਕਦੇ ਹੋ।

ਸਾਡਾ ਪਤਾ ਹੈ-
ਸੀ-120 ਫੋਕਲ ਪੁਆਇੰਟ ਐਕਸਟੈਂਸ਼ਨ, ਜਲੰਧਰ
ਤੇ ਤੁਸੀਂ ਸਾਨੂੰ ਈਮੇਲ ਵੀ ਕਰ ਸਕਦੇ ਹੋ।
ਸਾਡਾ ਈਮੇਲ ਹੈ :
editormail@punjabi.jagran.com

ਬੱਚਿਓ! ਤੁਸੀਂ ਆਈਕਿਊ ਸ਼ਬਦ ਤਾਂ ਸੁਣਿਆ ਹੋਵੇਗਾ ਤੇ ਨਾਲ ਇਹ ਵੀ ਕਿ ਸਭ ਤੋਂ ਜ਼ਿਆਦਾ ਆਈਕਿਊ ਐਲਬਰਟ ਆਈਨਸਟਾਈਨ ਅਤੇ ਸਟੀਫਨ ਹੌਕਿੰਗ ਦਾ ਹੈ। ਇਨ੍ਹਾਂ ਦੋਵਾਂ ਵਿਗਿਆਨੀਆਂ ਦਾ ਆਈਕਿਊ 160 ਹੈ ਪਰ ਇਸ ਦਾ ਕੀ ਮਤਲਬ ਹੈ? ਤੁਹਾਡਾ ਆਈਕਿਊ ਕਿੰਨਾ ਹੈ? ਇਸ ਦੇ ਕੀ ਫ਼ਾਇਦੇ ਤੇ ਨੁਕਸਾਨ ਹਨ? ਅਸੀਂ ਆਪਣਾ ਆਈਕਿਊ ਕਿਵੇਂ ਵਧਾ ਸਕਦੇ ਹਾਂ? ਆਓ ਅੱਜ ਅਸੀਂ ਇਸ 'ਤੇ ਚਰਚਾ ਕਰਦੇ ਹਾਂ...

ਕਦੋਂ ਤੇ ਕਿਵੇਂ ਆਇਆ ਸ਼ਬਦ ਆਈ ਕਿਊ

'ਆਈਕਿਊ' ਸ਼ਬਦ ਜਰਮਨ ਇੰਟੈਲੀਜੈਂਟ Intelligenz-Quotient ਤੋਂ ਨਿਕਲਿਆ ਹੈ। ਜਿਸ ਦਾ ਪਹਿਲੀ ਵਾਰ ਜਰਮਨ ਮਨੋਵਿਗਿਆਨੀ ਵਿਲਿਅਮ ਸਟਰਨ ਨੇ 1912 'ਚ ਕੀਤਾ। ਆਈਕਿਊ ਤੋਂ ਭਾਵ Intelligenz-Quotient ਤੁਹਾਡੇ ਸੋਚਣ ਸਮਝਣ ਅਤੇ ਜਾਣਕਾਰੀ ਨੂੰ ਹਾਸਲ ਕਰਨ ਨਾਲ ਜੁੜੀ ਹੋਈ ਹੈ। ਅਸੀਂ ਦਿਮਾਗ਼ੀ ਤੌਰ 'ਤੇ ਕਿਸੇ ਕੰਮ ਨੂੰ ਕਿੰਨਾ ਬਿਹਤਰ ਤਰੀਕੇ ਨਾਲ ਕਰ ਸਕਦੇ ਹਾਂ ਇਹ ਤੈਅ ਕਰਦਾ ਹੈ। ਕੋਈ ਇਨਸਾਨ ਕਿਸੇ ਸਵਾਲ ਨੂੰ ਝੱਟ ਸੁਲਝਾ ਲੈਂਦਾ ਹੈ ਤੇ ਕੋਈ ਇਨਸਾਨ ਲੰਬੇ ਸਮੇਂ ਦੇ ਬਾਅਦ ਵੀ ਅਸਫ਼ਲ ਰਹਿ ਜਾਂਦਾ ਹੈ।

ਜੇ ਤੁਸੀਂ ਕਿਸੇ ਸਵਾਲ ਨੂੰ ਸੁਲਝਾਉਣ ਲਈ ਨਵੇਂ ਤਰੀਕੇ ਜਾਂ ਕੁਝ ਵੀ ਨਵਾਂ ਸਿੱਖਣ 'ਚ ਆਪਣੇ ਦੋਸਤਾਂ ਤੋਂ ਅੱਗੇ ਰਹਿੰਦੇ ਤੇ ਘੱਟ ਪੜ੍ਹਾਈ ਕਰ ਕੇ ਵੀ ਜ਼ਿਆਦਾ ਨੰਬਰ ਲਿਆਉਂਦੇ ਹੋ ਤਾਂ ਯਕੀਨਨ ਤੁਹਾਡਾ ਆਈਕਿਊ ਲੈਵਲ ਉਨ੍ਹਾਂ ਤੋਂ ਜ਼ਿਆਦਾ ਹੈ। ਆਮਤੌਰ 'ਤੇ ਇਹ ਪੈਦਾਇਸ਼ੀ ਹੁੰਦਾ ਹੈ। ਤੁਹਾਡੀ ਲੀਡਰਸ਼ਿਪ ਸ਼ਕਤੀ ਫ਼ੈਸਲੇ ਲੈਣ ਦੀ ਸਮਰਥਾ 'ਤੇ ਜ਼ਿਆਦਾ ਪ੍ਰਭਾਵ ਕਰਦੀ ਹੈ। ਉਜ ਇਸ 'ਚ ਤਾਂ ਕੋਈ ਸ਼ੱਕ ਨਹੀ ਹੈ ਕਿ ਜ਼ਿੰਦਗੀ 'ਚ ਇੱਕਲੇ ਆਈਕਿਊ ਸਹਾਰੇ ਕਾਮਯਾਬੀ ਹਾਸਲ ਨਹੀ ਕੀਤੀ ਜਾ ਸਕਦੀ। ਸਖ਼ਤ ਮਿਹਨਤ ਅਤੇ ਲਗਨ ਬਿਨਾ ਕੁਝ ਸੰਭਵ ਨਹੀ ਹੈ।

ਵਧਾਓ ਆਪਣਾ ਆਈਕਿਊ

ਉਜ ਇਹ ਮੰਨਿਆ ਜਾਂਦਾ ਹੈ ਕਿ ਸਾਡਾ ਆਈਕਿਊ ਸਾਰੀ ਜ਼ਿੰਦਗੀ ਇਕ ਤਰ੍ਹਾਂ ਦਾ ਹੀ ਰਹਿੰਦਾ ਹੈ ਅਤੇ ਇਸ ਨੂੰ ਵਧਾਇਆ ਜਾਂ ਘਟਾਇਆ ਨਹੀ ਜਾ ਸਕਦਾ ਪਰ ਖੋਜਾਂ ਅਨੁਸਾਰ ਸਾਡਾ ਤਜਰਬਾ ਵੀ ਕੁਝ ਹੱਦ ਤਕ ਸਾਡੇ ਆਈਕਿਊ 'ਤੇ ਸਾਕਾਰਾਤਮਿਕ ਪ੍ਰਭਾਵ ਪਾਉਂਦਾ ਹੈ। memory games ਖੇਡ ਕੇ ਅਤੇ ਖ਼ੁਦ ਨੂੰ ਚੈਲੰਜ ਕਰਨ ਭਾਵ ਕੁਝ ਹਟ ਕੇ ਕਰਨਾ ਅਤੇ ਕੁਝ ਨਵਾਂ ਸੋਚ ਕੇ ਕਰਨ ਨਾਲ ਤੁਸੀਂ ਆਪਣੀ ਯਾਦਦਾਸ਼ਤ ਸ਼ਕਤੀ ਵਧਾ ਸਕਦੇ ਹੋ।

ਯਾਦਦਾਸ਼ਤ ਸ਼ਕਤੀ ਸਾਡੇ ਜੀਵਨ 'ਚ ਬਹੁਤ ਭੂਮਿਕਾ ਨਿਭਾਉਂਦੀ ਹੈ ਇਸ ਗੱਲ ਤੋਂ ਅਸੀਂ ਸਾਰੇ ਜਾਣੂ ਹਾਂ। ਬਿਨਾ ਯਾਦਦਾਸ਼ਤ ਦੇ ਅਸੀਂ ਕੁਝ ਨਹੀ ਸਿਖ ਸਕਦੇ। ਸਿੱਖਣ ਦੀ ਯੋਗਤਾ ਸਾਡੇ ਜੀਵਨ ਲਈ ਜ਼ਰੂਰੀ ਹੈ ਅਤੇ ਅਸੀਂ ਉਸ ਸਮੇਂ ਤਕ ਕੁਝ ਨਹੀ ਸਿਖ ਸਕਦੇ ਜਦੋਂ ਅਸੀਂ ਉਸ ਜਾਣਕਾਰੀ ਨੂੰ ਸਿੱਖਣ ਲਈ ਆਪਣਾ ਜਨੂੰਨ ਜਾਂ ਲਾਲਸਾ ਨਹੀ ਦਿਖਾਉਂਦੇ...

ਬੱਚਿਓ! ਕੀ ਤੁਸੀਂ ਕਦੇ ਆਪਣੇ ਹੋਮਵਰਕ ਨੂੰ ਕਰਦਿਆਂ ਬੋਅਰਿੰਗ ਮਹਿਸੂਸ ਕੀਤੀ ਹੈ? ਇਹ ਬਸ ਤੁਹਾਡੀ ਯਾਦਦਾਸ਼ਤ ਤੇ ਦਿਮਾਗ਼ੀ ਸ਼ਕਤੀ ਹੁੰਦੀ ਹੈ। ਜੋ ਤੁਹਾਨੂੰ ਸਕੂਲ ਦਾ ਕੰਮ ਯਾਦ ਰੱਖਣ 'ਚ ਅਤੇ ਪੇਪਰਾਂ ਦੇ ਦਿਨਾਂ 'ਚ ਕੰਮ ਆਉਂਦੀ ਹੈ। ਜੇ ਤੁਸੀਂ ਦਿਲ ਲਗਾ ਕੇ ਤੇ ਧਿਆਨ ਲਗਾ ਕੇ ਪੜ੍ਹੋਗੇ ਤਾਂ ਯਕੀਨਨ ਤੁਸੀਂ ਪਹਿਲੇ ਨੰਬਰ 'ਤੇ ਆਓਗੇ।

ਬਹੁਤ ਵਾਰ ਅਜਿਹਾ ਹੁੰਦਾ ਹੈ ਕਿ ਅਸੀਂ ਵੱਡਿਆਂ ਵੱਲੋਂ ਸਿਖਾਇਆ ਭੁੱਲ ਜਾਂਦੇ ਹਾਂ। ਇਸ ਲਈ ਯਾਦਦਾਸ਼ਤ ਸ਼ਕਤੀ ਤੁਹਾਨੂੰ ਸਫ਼ਲਤਾ ਪ੍ਰਾਪਤ ਕਰਨ 'ਚ ਮਦਦ ਕਰ ਸਕਦੀ ਹੈ। ਇਸ ਗੱਲ ਨੂੰ ਧਿਆਨ 'ਚ ਰੱਖ ਕੇ ਅਸੀਂ ਤੁਹਾਡੇ ਲਈ ਕੁਝ ਨੁਕਤੇ ਲੈ ਕੇ ਆਏ ਹਾਂ, ਆਓ ਜਾਣੀਏ ਆਪਣੀ ਯਾਦਦਾਸ਼ਤ ਸ਼ਕਤੀ ਕਿਵੇਂ ਸੁਧਾਰੀਏ...

- ਮੰਨ ਲਓ ਤੁਹਾਨੂੰ ਅੰਗਰੇਜ਼ੀ ਆਉਂਦੀ ਹੈ ਅਤੇ ਤੁਸੀਂ ਕਿਸੇ ਹੋਰ ਭਾਸ਼ਾ ਨੂੰ ਸਿੱਖਣਾ ਚਾਹੁੰਦੇ ਹੋ ਤਾਂ ਤੁਸੀਂ ਪਸੰਦੀਦਾ ਭਾਸ਼ਾ ਨੂੰ ਸਿੱਖਣ ਲਈ ਵਰਨਮਾਲਾ ਤੋਂ ਸ਼ੁਰੂ ਕਰੋ।
- ਕਿਸੇ ਵੀ ਚੀਜ਼ ਨੂੰ ਵਾਰ-ਵਾਰ ਦੁਹਰਾਓ ਅਤੇ ਉਸ ਦੇ ਅਰਥਾਂ ਬਾਰੇ ਡੂੰਘਾਈ 'ਚ ਜਾਣਕਾਰੀ ਹਾਸਲ ਕਰੋ। ਇਸ ਤਰ੍ਹਾਂ ਇਸ ਤਾਂ ਤੁਸੀਂ ਜਾਣਕਾਰੀ ਇਕੱਠਾ ਕਰ ਲਓਗੇ ਤੇ ਦੂਜਾ ਇਸ ਨੂੰ ਕਰਦਿਆਂ ਤੁਹਾਨੂੰ ਮਜ਼ਾ ਵੀ ਆਵੇਗਾ।



ਆਈਕਿਊ ਦੀ ਗਣਨਾ

ਇਸ ਦੀ ਗਣਨਾ ਕਿਸੇ ਵਿਅਕਤੀ ਦੀ ਮਾਨਸਿਕ ਉਮਰ 'ਚ ਅਸਲ ਉਮਰ ਨਾਲ ਤਕਸੀਮ ਕਰ ਕੇ ਉਸਨੂੰ 100 ਨਾਲ ਗੁਣਾ ਕਰ ਕੇ ਕੱਢੀ ਜਾਂਦੀ ਹੈ।

intelligent quotient = mental age ÷ Physical age × 100

ਚੂਹਿਆਂ ਦੀਆਂ ਸ਼ੈਤਾਨੀਆਂ ਤਾਂ ਤੁਸੀਂ ਦੇਖੀਆਂ ਹੀ ਹੋਣਗੀਆਂ। ਆਓ ਅੱਜ ਅਸੀਂ ਤੁਹਾਨੂੰ ਇਨ੍ਹਾਂ ਦੀ ਸ਼ੈਤਾਨੀ ਦੁਨੀਆ 'ਚ ਲੈ ਚੱਲਦੇ ਹਾਂ ਤੇ ਕਰਦੇ ਹਾਂ ਇਨ੍ਹਾਂ ਨਾਲ ਸ਼ਰਾਰਤਾਂ...

ਥੋੜ੍ਹੇ ਪਿਆਰੇ, ਥੋੜ੍ਹੇ ਸ਼ੈਤਾਨ

ਚੂਹਿਆਂ 'ਤੇ ਕਈ ਫਿਲਮਾਂ ਵੀ ਬਣੀਆਂ ਹਨ। ਇਨ੍ਹਾਂ ਫਿਲਮਾਂ ਦੇ ਚੂਹੇ ਮਿੱਕੀ ਮਾਊਸ, ਮਿਨੀ ਮਾਊਸ, ਟਾਮ-ਜੈਰੀ ਦੇ ਮਜ਼ੇਦਾਰ ਖੇਡ ਦੇਖਣਾ ਤਾਂ ਤੁਹਾਨੂੰ ਬਹੁਤ ਪਸੰਦ ਹੈ ਪਰ ਅਸਲ 'ਚ ਚੂਹਿਆਂ ਨੂੰ ਦੇਖ ਕੇ ਅਸੀਂ ਸਾਰੇ ਇਸ ਨੂੰ ਮਾਰਦੇ ਹਾਂ। ਚੂਹੇ ਸਾਨੂੰ ਪਸੰਦ ਨਹੀ ਆਉਂਦੇ। ਅਸੀਂ ਆਪਣੇ ਵੱਡਿਆਂ ਤੋਂ ਸੁਣਿਆ ਹੈ ਕਿ ਇਹ ਨੁਕਸਾਨ ਕਰਦੇ ਹਨ।

- ਚੂਹੇ ਨਟਖਟ ਹੁੰਦੇ ਹਨ ਪਰ ਬਹੁਤ ਪਿਆਰੇ ਹੁੰਦੇ ਹਨ। ਇਹ ਚਲਾਕ ਹੁੰਦੇ ਹਨ ਪਰ ਸ਼ਰਮੀਲੇ ਵੀ। ਖੁੱਡ ਬਣਾ ਕੇ ਇਸ ਲਈ ਇਹ ਰਹਿੰਦੇ ਹਨ ਕਿਉਂਕਿ ਇਨ੍ਹਾਂ ਨੂੰ ਲੁਕ ਕੇ ਰਹਿਣਾ ਪਸੰਦ ਹੁੰਦਾ ਹੈ। ਕਿਸੇ ਇਕ ਚੂਹੇ ਨੂੰ ਸੱਟ ਲੱਗ ਜਾਵੇ ਜਾਂ ਕੋਈ ਇਕ ਬਿਮਾਰ ਹੋ ਜਾਵੇ ਤਾਂ ਬਾਕੀ ਚੂਹੇ ਉਸ ਦਾ ਬਹੁਤ ਧਿਆਨ ਰੱਖਦੇ ਹਨ।
- ਚੂਹੇ ਆਪਣਾ ਰਸਤਾ ਕਦੇ ਨਹੀ ਭੁੱਲਦੇ, ਜੇ ਉਹ ਇਕ ਵਾਰ ਕਿਸੇ ਰਸਤੇ 'ਤੇ ਜਾਣ ਤਾਂ ਉਹ ਰਸਤਾ ਉਨ੍ਹਾਂ ਨੂੰ ਹਮੇਸ਼ਾ ਯਾਦ ਰਹਿੰਦਾ ਹੈ ਕਿਉਂਕਿ ਇਨ੍ਹਾਂ ਦੇ ਯਾਦ ਰੱਖਣ ਦੀ ਸ਼ਕਤੀ ਤੇਜ਼ ਹੁੰਦੀ ਹੈ।
- ਰਾਜਸਥਾਨ ਦਾ ਜਹਾਜ਼ ਊਠ ਹੀ ਨਹੀਂ, ਚੂਹੇ ਵੀ ਬਹੁਤ ਦਿਨਾਂ ਤਕ ਪਾਣੀ ਪੀਤੇ ਬਿਨਾ ਜਿਊਂਦੇ ਰਹਿ ਸਕਦੇ ਹਨ। ਚੂਹਿਆਂ ਦੀ ਪੂਛ ਉਨ੍ਹਾਂ ਲਈ ਬਹੁਤ ਖ਼ਾਸ ਹੁੰਦੀ ਹੈ ਕਿਉਂਕਿ ਪੂਛ ਨਾਲ ਹੀ ਉਹ ਬੈਲੇਂਸ ਬਣਾ ਕੇ ਰੱਖਦੇ ਹਨ।
- ਇਨਸਾਨਾਂ ਵਾਂਗ ਚੂਹਿਆਂ ਦਾ ਵੀ ਮੁੱਖੀ ਮੌਖਰ ਹੁੰਦਾ ਹੈ। ਇਹ ਆਪਸ 'ਚ ਖੇਡਦੇ ਵੀ ਹਨ। ਇਨ੍ਹਾਂ ਦੇ ਦੰਦ ਸਫ਼ੈਦ ਹੁੰਦੇ ਹਨ ਪਰ ਉਮਰ ਨਾਲ ਪੀਲੇ ਪੈ ਜਾਂਦੇ ਹਨ। ਚੂਹਿਆਂ ਨੂੰ ਤੈਰਨਾ ਬਹੁਤ ਪਸੰਦ ਹੁੰਦਾ ਹੈ।
- ਆਮਤੌਰ 'ਤੇ ਚੂਹਿਆਂ ਦੀ ਉਮਰ 2 ਤੋਂ 3 ਸਾਲ ਤਕ ਹੁੰਦੀ ਹੈ।
- ਚੂਹਿਆਂ ਦੇ ਸਾਹਮਣੇ ਦੇ ਦੰਦ ਇਕ ਸਾਲ 'ਚ ਚਾਰ ਤੋਂ ਸਾਢੇ ਪੰਜ ਇੰਚ ਤਕ ਵੱਧਦੇ ਰਹਿੰਦੇ ਹਨ। ਸੀਮੈਂਟ, ਲੋਹੇ, ਲੱਕੜੀ ਆਦਿ ਰਗੜਨ ਤੋਂ ਬਾਅਦ ਵੀ ਦੰਦ ਉਸੇ ਤਰ੍ਹਾਂ ਦੇ ਹੀ ਰਹਿੰਦੇ ਹਨ।
- ਜੇ ਇਨ੍ਹਾਂ ਸਾਹਮਣੇ ਕੋਈ ਮੁਸੀਬਤ ਆ ਜਾਵੇ ਤਾਂ ਇਹ ਭੱਜ ਜਾਂਦੇ ਹਨ।
- ਇਨ੍ਹਾਂ ਨੂੰ ਕਦੇ ਵੀ ਪਸੀਨਾ ਨਹੀ ਆਉਂਦਾ। ਪੰਜਾਹ ਫੁੱਟ ਤੋਂ ਡਿੱਗਣ ਕਾਰਨ ਵੀ ਇਨ੍ਹਾਂ ਨੂੰ ਸੱਟ ਨਹੀ ਲੱਗਦੀ। ਇਨ੍ਹਾਂ ਦੇ ਦੰਦ ਲੋਹੇ ਤੋਂ ਵੀ ਜ਼ਿਆਦਾ ਮਜ਼ਬੂਤ ਹੁੰਦੇ ਹਨ, ਇਸ ਲਈ ਉਹ ਕਿਸੇ ਵੀ ਚੀਜ਼ ਨੂੰ ਆਸਾਨੀ ਨਾਲ ਕੁਤਰ ਦਿੰਦੇ ਹਨ।
- ਡਬਲਰੋਟੀ, ਫਲ, ਸਬਜ਼ੀਆਂ ਅਤੇ ਨਮਕੀਨ ਚੀਜ਼ਾਂ ਇਨ੍ਹਾਂ ਦੀਆਂ ਪਸੰਦੀਦਾ ਹਨ। ਚੂਹਿਆਂ ਦੇ ਅੱਖਾਂ ਦੀ ਰੋਸ਼ਨੀ ਤੇਜ਼ ਨਹੀ ਹੁੰਦੀ। ਇਹ ਆਵਾਜ਼ ਮਾਧਿਅਮ ਰਾਹੀ ਤੈਅ ਕਰਦੇ ਹਨ ਕਿ ਆਲੇ-ਦੁਆਲੇ ਕੀ ਵਾਪਰ ਰਿਹਾ ਹੈ।

ਕਾਰਟੂਨ ਕਿਰਦਾਰ

ਚਿਪ ਐਂਡ ਡੇਲ

'ਚਿਪ ਐਂਡ ਡੇਲ' ਇਹ ਦੋਵੇਂ ਬਹੁਤ ਪਿਆਰੀਆਂ ਗਲਿਹਰੀਆਂ ਹਨ। ਚਿਪ ਜਿੱਥੇ ਸਮਝਦਾਰ ਹੈ, ਉੱਥੇ ਡੇਲ ਬਹੁਤ ਹੀ ਸ਼ਰਾਰਤੀ ਹੈ। ਦੋਵੇਂ ਮਿਲ ਕੇ ਬਹੁਤ ਸ਼ਰਾਰਤਾਂ ਕਰਦੀਆਂ ਹਨ। ਇਨ੍ਹਾਂ ਨੇ ਮਿੱਕੀ ਅਤੇ ਡੋਨਾਲਡ ਨੂੰ ਕਾਫ਼ੀ ਪਰੇਸ਼ਾਨ ਕੀਤਾ ਹੈ। ਇਨ੍ਹਾਂ ਦੀਆਂ ਹਰਕਤਾਂ ਕਾਫ਼ੀ ਹਸਾਉਂਦੀਆਂ ਹਨ। ਇਨ੍ਹਾਂ 'ਤੇ chip and dale- rescue rangers ਨਾਂ ਨਾਲ ਐਨੀਮੇਸ਼ਨ ਸੀਰੀਜ਼ ਵੀ ਆ ਚੁੱਕੀ ਹੈ।



ਏਰੀਅਲ ਅਤੇ ਫਲਾਊਂਡਰ

ਪਾਣੀ 'ਚ ਡੁੱਬੇ ਨਗਰ ਦੀ ਰਾਜਕੁਮਾਰੀ ਹੈ ਏਰੀਅਲ। ਉਹ ਆਪਣੇ ਦੋਸਤ ਫਲਾਊਂਡਰ (ਮੱਛੀ) ਨਾਲ ਬਹੁਤ ਮੌਜ-ਮਸਤੀ ਕਰਦੀ ਹੈ। ਦੋਵੇਂ ਹਰ ਮੁਸੀਬਤ ਦਾ ਸਾਹਮਣਾ ਇਕੱਠੀਆਂ ਕਰਦੀਆਂ ਹਨ। 'ਦਿ ਲਿਟਿਲ ਮਰਮੇਡ' ਫਿਲਮ ਸਭ ਤੋਂ ਪਹਿਲਾਂ 1989 'ਚ ਰਿਲੀਜ਼ ਹੋਈ ਸੀ।

ਕੋਈ ਚੀਜ਼ ਜਲਾਉਣੀ ਹੋਵੇ ਤਾਂ ਅਕਸਰ ਅਸੀਂ ਮਾਚਿਸ ਦੀ ਵਰਤੋਂ ਕਰਦੇ ਹਾਂ। ਮਾਚਿਸ ਦੀ ਡੱਬੀ 'ਚੋਂ ਅਸੀਂ ਇਕ ਤੀਲੀ ਕੱਢਦੇ ਹਾਂ ਅਤੇ ਉਸ ਨੂੰ ਮਾਚਿਸ ਦੀ ਘੱਟ ਚੌੜਾਈ ਵਾਲੀ ਸਾਈਡ 'ਤੇ ਰਗੜਦੇ ਹਾਂ। ਰਗੜਨ 'ਤੇ ਤੀਲੀ ਜਲ ਜਾਂਦੀ ਹੈ। ਤੁਹਾਡੇ ਮਨ 'ਚ ਸਵਾਲ ਤਾਂ ਉਠਦਾ ਹੋਵੇਗਾ ਕਿ ਰਗੜਨ 'ਤੇ ਮਾਚਿਸ ਦੀ ਤੀਲੀ ਨੂੰ ਅੱਗ ਕਿਵੇਂ ਲੱਗ ਜਾਂਦੀ ਹੈ...

ਕੀ ਤੁਸੀਂ ਜਾਣਦੇ ਹੋ?

- **ਵਾਹਨ ਸਭ ਤੋਂ ਵੱਧ ਕਿਹੜੀ ਗੈਸ ਛੱਡਦੇ ਹਨ?**
  ਕਾਰਬਨ ਮੋਨੋਆਕਸਾਈਡ
- **'ਇਕ ਬੱਚਾ ਇਕ ਜੋੜਾ' ਇਹ ਨਾਅਰਾ ਕਿਸ ਦੇਸ਼ ਦਾ ਹੈ?**
  ਚੀਨ ਦਾ
- **ਕੁਦਰਤੀ ਪਾਣੀ ਦਾ ਸਭ ਤੋਂ ਸ਼ੁੱਧ ਰੂਪ ਕਿਹੜਾ ਹੈ?**
  ਮੀਂਹ ਦਾ ਪਾਣੀ
- **ਕਿਹੜੀ ਭਾਸ਼ਾ ਬੱਚਾ ਆਲੇ-ਦੁਆਲੇ ਤੋਂ ਸਿੱਖਦਾ ਹੈ?**
  ਮਾਤ-ਭਾਸ਼ਾ
- **ਭਾਸ਼ਾ ਨੂੰ ਸਿੱਖਣ ਲਈ ਨਿਯਮ ਬੱਧ ਪ੍ਰਣਾਲੀ ਕੀ ਹੈ?**
  ਵਿਆਕਰਣ
- **ਪੰਜਾਬੀ 'ਚ ਕਿਸ ਦੀ ਵਰਤੋਂ ਕਰਦੇ ਸਮੇਂ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ?**
  ਅੱਧਕ

ਬੱਚਿਓ! ਅੱਜ ਅਸੀਂ ਗੱਲ ਕਰਾਂਗੇ ਇਕ ਸ਼ਿਕਾਰੀ ਪੰਛੀ ਦੀ, ਜਿਸ ਨੂੰ ਅਸੀਂ ਸਭ ਬਾਜ਼ ਦੇ ਨਾਂ ਨਾਲ ਜਾਣਦੇ ਹਾਂ। ਇਸ ਪੰਛੀ ਦੀਆਂ ਕਈ ਪ੍ਰਜਾਤੀਆਂ ਦੁਨੀਆ ਵਿਚ ਮੌਜੂਦ ਹਨ ਅਤੇ ਵੱਖ-ਵੱਖ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਆਓ ਅੱਜ ਇਸ ਪੰਛੀ ਬਾਰੇ ਜਾਣੀਏ...

ਤਾਕਤਵਰ ਪੰਛੀ ਬਾਜ਼

- ਬਾਜ਼ ਦੇ ਖੰਭ ਪਤਲੇ ਅਤੇ ਮੁੜੇ ਹੋਏ ਹੁੰਦੇ ਹਨ। ਜੋ ਉਸ ਨੂੰ ਤੇਜ਼ ਗਤੀ ਨਾਲ ਉਡਣ ਅਤੇ ਇਸ ਹੀ ਗਤੀ ਨਾਲ ਆਪਣੀ ਦਿਸ਼ਾ ਬਦਲਣ ਵਿਚ ਸਹਾਇਤਾ ਕਰਦੇ ਹਨ।
- ਇਹ ਪੰਛੀ ਲਗਪਗ 70 ਸਾਲ ਜਿਊਂਦਾ ਹੈ ਪਰ ਆਪਣੇ ਜੀਵਨ ਦੇ 40ਵੇਂ ਸਾਲ ਤਕ ਆਉਂਦੇ-ਆਉਂਦੇ ਉਹ ਇਕ ਮਹੱਤਵਪੂਰਨ ਫ਼ੈਸਲਾ ਲੈਣ ਦੇ ਨੇੜੇ ਆ ਖੜ੍ਹਦਾ ਹੈ। ਉਸ ਹਾਲਤ ਵਿਚ ਉਸ ਦੇ ਸਰੀਰ ਦੇ ਤਿੰਨ ਪ੍ਰਮੁੱਖ ਅੰਗ ਖਤਮ ਹੋਣ ਲਗਦੇ ਹਨ। ਉਸ ਦੇ ਪੰਜੇ ਲੰਮੇ ਅਤੇ ਲਚੀਲੇ ਹੋ ਜਾਂਦੇ ਹਨ ਅਤੇ ਸ਼ਿਕਾਰ ਤੇ ਪਕੜ ਬਣਾਉਣ ਵਿਚ ਨਕਾਰਾ ਹੋਣ ਲੱਗਦੇ ਹਨ।
- ਬਾਜ਼ ਦੀ ਚੁੰਝ ਅੱਗੇ ਵੱਲ ਮੁੜ ਜਾਂਦੀ ਹੈ ਅਤੇ ਭੋਜਨ ਵਿਚ ਅੜਿੱਕਾ ਖੜ੍ਹਾ ਕਰਨ ਲੱਗਦੀ ਹੈ।
- ਖੰਭ ਭਾਰੀ ਹੋ ਜਾਂਦੇ ਹਨ, ਸੀਨੇ ਨਾਲ ਚਿਪਕਣ ਕਰਕੇ ਪੂਰਨ ਤੌਰ 'ਤੇ ਖੱਲ੍ਹ ਨਹੀ ਸਕਦੇ ਅਤੇ ਉਡਾਣ ਨੂੰ ਸੀਮਿਤ ਕਰ ਦਿੰਦੇ ਹਨ।
- ਉਹ ਕਿਸੇ ਉੱਚੇ ਪਹਾੜ 'ਤੇ ਚਲਾ ਜਾਂਦਾ ਹੈ, ਇਕਾਂਤ ਵਿਚ ਆਪਣਾ ਆਲ੍ਹਣਾ ਬਣਾਉਂਦਾ ਹੈ ਅਤੇ ਖ਼ੁਦ ਨੂੰ ਪੁਨਰਸਥਾਪਿਤ ਕਰਨ ਦੀ ਪ੍ਰਕਿਰਿਆ ਵਿਚ ਲੱਗ ਜਾਂਦਾ ਹੈ। ਸਭ ਤੋਂ ਪਹਿਲਾਂ ਉਹ ਆਪਣੀ

ਸੰਪਾਦਕੀ

ਰਿਆਸੀ ਖੇਤਰ 'ਚ ਅਤਿਵਾਦੀ ਹਮਲੇ ਦੇ ਸੰਕੇਤ

ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ ਦੇ ਰਿਆਸੀ ਖੇਤਰ ਵਿੱਚ ਯਾਤਰੀ ਬੱਸ 'ਤੇ ਕੀਤੇ ਅਤਿਵਾਦੀ ਹਮਲੇ ਵਿੱਚ 9 ਮੌਤਾਂ ਅਤੇ 33 ਹੋਰਨਾਂ ਦੇ ਜ਼ਖ਼ਮੀ ਹੋਣ ਦੀ ਵਾਪਰੀ ਘਟਨਾ ਇਹ ਦਰਸਾਉਂਦੀ ਹੈ ਕਿ ਇਸ ਇਲਾਕੇ ਅੰਦਰ ਅਤਿਵਾਦ ਦੀ ਲਹਿਰ ਅਜੇ ਮੁੱਕਣ ਦਾ ਨਾਂ ਨਹੀਂ ਲੈ ਰਹੀ। ਹਮਲਾਵਰ ਏਕੇ 47 ਰਾਈਫਲਾਂ ਅਤੇ ਐੱਮ4 ਕਾਰਬਾਈਨਾਂ ਨਾਲ ਲੈਸ ਦੱਸੇ ਜਾਂਦੇ ਹਨ ਅਤੇ ਉਨ੍ਹਾਂ ਬੱਸ ਚਾਲਕ ਨੂੰ ਨਿਸ਼ਾਨਾ ਬਣਾਇਆ ਜਿਸ ਨਾਲ ਬੱਸ ਬੇਕਾਬੂ ਹੋ ਕੇ ਖਾਈ ਵਿੱਚ ਜਾ ਡਿੱਗੀ ਅਤੇ ਇਹ ਜਾਨੀ ਨੁਕਸਾਨ ਹੋਇਆ। ਖੁਫ਼ੀਆ ਏਜੰਸੀਆਂ ਦੀਆਂ ਰਿਪੋਰਟਾਂ ਤੋਂ ਸੰਕੇਤ ਮਿਲੇ ਹਨ ਕਿ ਵਾਦੀ ਵਿਚਲੇ ਅਤਿਵਾਦ ਨੇ ਹੁਣ ਮੁਕਾਮੀ ਤੋਂ ਵਿਦੇਸ਼ੀ ਰੂਪ ਧਾਰਨ ਕਰ ਲਿਆ ਹੈ ਅਤੇ ਇਸ ਵੇਲੇ ਕਰੀਬ 80 ਵਿਦੇਸ਼ੀ ਅਤਿਵਾਦੀ ਇਸ ਇਲਾਕੇ ਵਿੱਚ ਸਰਗਰਮ ਦੱਸੇ ਜਾਂਦੇ ਹਨ। ਇਸ ਕਰ ਕੇ ਸੁਰੱਖਿਆ ਦਸਤਿਆਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ ਕਿਉਂਕਿ ਵਿਦੇਸ਼ੀ ਅਤਿਵਾਦੀ ਬੇਕਿਰਕੀ ਦਾ ਨਵਾਂ ਪੱਧਰ ਲੈ ਕੇ ਆਉਂਦੇ ਹਨ। ਰਿਆਸੀ ਵਿੱਚ ਹੋਏ ਇਸ ਹਮਲੇ ਵਿੱਚ ਨਵੀਨਤਮ ਹਥਿਆਰਾਂ ਦੀ ਵਰਤੋਂ ਸੰਕੇਤ ਦਿੰਦੀ ਹੈ ਕਿ ਅਤਿਵਾਦ ਦਾ ਖ਼ਤਰਾ ਵਧ ਗਿਆ ਹੈ। ਇਸ ਤੋਂ ਇਲਾਵਾ ਇਸ ਦਾ ਇਹ ਮਤਲਬ ਵੀ ਕੱਢਿਆ ਜਾ ਰਿਹਾ ਹੈ ਕਿ ਜੰਮੂ ਕਸ਼ਮੀਰ ਵਿੱਚ ਅਮਨ ਅਤੇ ਸਥਿਰਤਾ ਵਿੱਚ ਖਲਲ ਪੈਣ ਦੇ ਆਸਾਰ ਵਧ ਰਹੇ ਹਨ। ਇਸੇ ਕਰ ਕੇ ਮੁਕਾਮੀ ਆਬਾਦੀ ਅਤੇ ਸੈਲਾਨੀਆਂ ਦੇ ਮਨਾਂ ਵਿੱਚ ਸਹਿਮ ਹੈ।

ਹਮਲੇ ਪਿੱਛੋਂ ਸੁਰੱਖਿਆ ਦਸਤੇ ਤਾਇਨਾਤ ਕਰ ਕੇ ਤਲਾਸ਼ੀ ਮੁਹਿੰਮ ਸ਼ੁਰੂ ਕਰਨ ਤੋਂ ਸਰਕਾਰ ਦੀ ਸਰਗਰਮ ਪਹੁੰਚ ਦਾ ਪਤਾ ਲਗਦਾ ਹੈ ਪਰ ਘਟਨਾ ਮੰਗ ਕਰਦੀ ਹੈ ਕਿ ਸੁਰੱਖਿਆ ਨੇਮਾਂ, ਖ਼ਾਸਕਰ ਆਮ ਨਾਗਰਿਕਾਂ ਅਤੇ ਸੈਲਾਨੀਆਂ ਦੀ ਆਮਦੋ-ਰਫ਼ਤ ਵਾਲੇ ਅਜਿਹੇ ਨਾਜ਼ੁਕ ਖੇਤਰਾਂ ਬਾਰੇ ਪ੍ਰਬੰਧਾਂ ਦਾ ਗਹਿਰਾ ਮੁਤਾਲਿਆ ਕੀਤਾ ਜਾਵੇ। ਦਹਿਸ਼ਤੀ ਗਤੀਵਿਧੀਆਂ 'ਚ ਹਾਲੀਆ ਵਾਧਾ ਜਿਸ ਵਿੱਚ ਫੌਜੀ ਵਾਹਨਾਂ 'ਤੇ ਘਾਤ ਲਾ ਕੇ ਕੀਤੇ ਹਮਲੇ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਸ਼ਾਮਿਲ ਹੈ, ਸੰਕੇਤ ਕਰਦਾ ਹੈ ਕਿ ਅਤਿਵਾਦੀ ਸੰਗਠਨ ਖੇਤਰ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰ ਕੇ ਹਾਲਾਤ ਆਮ ਕਰਨ ਦੇ ਸਰਕਾਰ ਦੇ ਯਤਨਾਂ 'ਚ ਵਿਘਨ ਪਾਉਣਾ ਚਾਹੁੰਦੇ ਹਨ। ਉਨ੍ਹਾਂ ਦਾ ਮੰਤਵ ਜਮਹੂਰੀ ਪ੍ਰਕਿਰਿਆਵਾਂ ਨੂੰ ਅਸਥਿਰ ਕਰਨਾ ਵੀ ਹੋ ਸਕਦਾ ਹੈ।

ਇਸ ਚੁਣੌਤੀਪੂਰਨ ਮਾਹੌਲ ਵਿੱਚ ਮੁਕਾਮੀ ਲੋਕਾਂ ਅਤੇ ਦਿਹਾਤੀ ਸੁਰੱਖਿਆ ਗਾਰਡਾਂ ਦੀ ਭੂਮਿਕਾ ਮਹੱਤਵਪੂਰਨ ਹ�ो ਗਈ ਹੈ। ਬੱਸ ਪੀੜਤਾਂ ਨੂੰ ਬਚਾਉਣ ਲਈ ਇਨ੍ਹਾਂ ਵੱਲੋਂ ਕੀਤੀ ਫੌਰੀ ਕਾਰਵਾਈ ਦਰਸਾਉਂਦੀ ਹੈ ਕਿ ਜਨਤਾ ਆਧਾਰਿਤ ਇਨ੍ਹਾਂ ਰੱਖਿਆ ਤੰਤਰਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਅਜਿਹੇ ਹਮਲਿਆਂ ਖਿ ?ਲਾਫ਼ ਇਹ ਅਹਿਮ ਰੱਖਿਆ ਕਤਾਰ ਵਜੋਂ ਕੰਮ ਕਰ ਸਕਦੇ ਹਨ। ਜੰਮੂ ਤੇ ਕਸ਼ਮੀਰ ਇਸ ਵਕਤ ਖ਼ਤਰਨਾਕ ਸਮਿਆਂ ਵਿੱਚੋਂ ਲੰਘ ਰਿਹਾ ਹੈ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸੁਰੱਖਿਆ ਵਧਾਉਣ ਦੇ ਲਿਹਾਜ਼ ਤੋਂ ਕਦਮ ਚੁੱਕੇ ਅਤੇ ਲੋਕਾਂ ਵਿਚਾਲੇ ਏਕੇ ਤੇ ਡਟੇ ਰਹਿਣ ਦੀ ਭਾਵਨਾ ਨੂੰ ਹੁਲਾਰਾ ਦੇਵੇ। ਸਥਾਨਕ ਲੋਕਾਂ ਦੀਆਂ ਖ਼ਾਹਿਸ਼ਾਂ ਦੇ ਰਾਹ ਵਿੱਚ ਅਤਿਵਾਦ ਨੂੰ ਅਡਿ ?ੱਕਾ ਨਹੀਂ ਬਣਨ ਦੇਣਾ ਚਾਹੀਦਾ।

ਤੀਸਰੀ ਵਾਰ ਨਰਿੰਦਰ ਮੋਦੀ ਟੀਮ ਦਾ ਨਕਸ਼ਾ

ਆਪਣੇ ਕਾਰਜਕਾਲ ਵਿੱਚ ਪਹਿਲੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਕੀਕੀ ਕੁਲੀਸ਼ਨ ਸਰਕਾਰ ਦੀ ਕਮਾਂਡ ਸੰਭਾਲੀ ਹੈ ਜਿਸ ਤਹਿਤ ਉਨ੍ਹਾਂ ਆਪਣਾ 72 ਮੈਂਬਰੀ ਮੰਤਰੀ ਮੰਡਲ ਬਣਾ ਲਿਆ ਹੈ। ਇਹ ਵੱਡਾ ਮੰਤਰੀ ਮੰਡਲ ਕਈ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ ਜਿਨ੍ਹਾਂ ਵਿੱਚ ਤਜਰਬਾ, ਉਮਰ, ਜਾਤੀ ਜੋੜ, ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਅਤੇ ਕੌਮੀ ਜਮਹੂਰੀ ਮੁਹਾਜ਼ (ਐੱਨਡੀਏ) ਵਿੱਚ ਸ਼ਾਮਿਲ ਦੂਜੇ ਭਿਆਲਾਂ ਦੀ ਨੁਮਾਇੰਦਗੀ ਜਿਹੇ ਕਾਰਕ ਸ਼ਾਮਿਲ ਹਨ। ਮੰਤਰੀ ਮੰਡਲ ਵਿੱਚ 30 ਕੈਬਨਿਟ ਮੰਤਰੀ ਹਨ ਜਿਨ੍ਹਾਂ ਵਿੱਚੋਂ ਚਾਰ ਇਕੱਲੇ ਬਿਹਾਰ ਤੋਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਜਪਾ ਦੇ ਤਿੰਨ ਅਹਿਮ ਭਿਆਲ ਬਿਹਾਰ ਤੋਂ ਹਨ ਜਿਨ੍ਹਾਂ ਵਿੱਚ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ (ਯੂ), ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦਾ ਹਿੰਦੁਸਤਾਨੀ ਅਵਾਮ ਮੋਰਚਾ (ਸੈਕੁਲਰ) ਅਤੇ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਸ਼ਾਮਿਲ ਹਨ। ਕੁਲੀਸ਼ਨ ਦੇ ਦੋ ਪ੍ਰਮੁੱਖ ਭਿਆਲ ਦੱਖਣੀ ਸੂਬਿਆਂ ਤੋਂ ਹਨ ਜਿਨ੍ਹਾਂ ਵਿੱਚ ਆਂਧਰਾ ਪ੍ਰਦੇਸ਼ ਤੋਂ ਐੱਨ ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸਮ ਪਾਰਟੀ ਅਤੇ ਕਰਨਾਟਕਾ ਤੋਂ ਐੱਚਡੀ ਕੁਮਾਰਸਵਾਮੀ ਦੀ ਪਾਰਟੀ ਜਨਤਾ ਦਲ (ਸੈਕੁਲਰ), ਦੋਵਾਂ ਨੂੰ ਕੈਬਨਿਟ ਵਿੱਚ ਇੱਕ-ਇੱਕ ਸੀਟ ਮਿਲੀ ਹੈ।

ਮੰਤਰੀ ਮੰਡਲ ਵਿੱਚ ਪਹਿਲੀ ਵਾਰ ਥਾਂ ਪਾਉਣ ਵਾਲਿਆਂ ਵਿੱਚ ਤਿੰਨ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ (ਮੱਧ ਪ੍ਰਦੇਸ਼), ਮਨੋਹਰ ਲਾਲ ਖੱਟਰ (ਹਰਿਆਣਾ) ਅਤੇ ਐੱਚਡੀ ਕੁਮਾਰਸਵਾਮੀ (ਕਰਨਾਟਕਾ) ਸ਼ਾਮਿਲ ਹਨ। ਇਨ੍ਹਾਂ ਤੋਂ ਇਲਾਵਾ ਕੇਰਲਾ ਤੋਂ ਪਹਿਲੀ ਵਾਰ ਲੋਕ ਸਭਾ ਲਈ ਚੁਣੇ ਗਏ ਭਾਜਪਾ ਦੇ ਸੁਰੇਸ਼ ਗੋਪੀ ਵੀ ਪਹਿਲੀ ਵਾਰ ਮੰਤਰੀ ਮੰਡਲ ਵਿੱਚ ਸ਼ਾਮਿਲ ਹੋਏ ਹਨ। 40 ਤੋਂ ਵੱਧ ਮੰਤਰੀ ਹੋਰਨਾਂ ਪੱਛੜੇ ਵਰਗਾਂ (ਓਬੀਸੀਜ਼), ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨਾਲ ਸਬੰਧਿਤ ਹਨ। ਇਹ ਤੱਥ ਇਸ ਪੱਖੋਂ ਅਹਿਮ ਜਾਪਦਾ ਹੈ ਕਿ ਉੱਤਰ ਪ੍ਰਦੇਸ਼ ਵਿੱਚ ਸੱਤਾਧਾਰੀ ਭਾਜਪਾ ਨੂੰ ਭਾਰੀ ਝਟਕਾ ਵੱਜਿਆ ਹੈ ਜਿੱਥੇ ਸਮਾਜਵਾਦੀ ਪਾਰਟੀ ਨੇ ਪਛੜੇ, ਦਲਿਤ ਅਤੇ ਘੱਟਗਿਣਤੀ ਵਰਗਾਂ (ਪੀਡੀਏ) ਤੱਕ ਪਹੁੰਚ ਬਣਾ ਕੇ ਚੋਣਾਂ ਵਿੱਚ ਵੱਡੀ ਸਫ਼ਲਤਾ ਹਾਸਿਲ ਕੀਤੀ ਹੈ। ਮਹਾਰਾਸ਼ਟਰ ਤੇ ਹਰਿਆਣਾ ਜਿੱਥੇ ਇਸੇ ਸਾਲ ਚੋਣਾਂ ਹਨ, ਨੂੰ ਵੀ ਮੰਤਰੀ ਮੰਡਲ ਵਿੱਚ ਜਿ ?ਕਰਯੋਗ ਥਾਂ ਮਿਲੀ ਹੈ।

ਪੰਜਾਬ ਵਿਚ ਲੁਧਿਆਣਾ ਤੋਂ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਰਾਜ ਮੰਤਰੀ ਵਜੋਂ ਕੈਬਨਿਟ ਵਿੱਚ ਥਾਂ ਮਿਲਣ ਦਾ ਮਤਲਬ ਹੈ ਕਿ ਹਾਲੀਆ ਲੋਕ ਸਭਾ ਚੋਣਾਂ 'ਚ ਬੇਹੱਦ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਭਾਜਪਾ ਪੰਜਾਬ ਵਿੱਚ ਆਪਣੇ ਉਭਾਰ ਲਈ ਗੰਭੀਰ ਜਾਪਦੀ ਹੈ। ਪਾਰਟੀ ਨੇ ਸੂਬੇ ਵਿੱਚ ਸਾਰੀਆਂ 13 ਸੀਟਾਂ ਉੱਤੇ ਚੋਣ ਲੜੀ ਪਰ ਇੱਕ ਵੀ ਸੀਟ ਉੱਤੇ ਜਿੱਤ ਨਸੀਬ ਨਹੀਂ ਹੋ ਸਕੀ, ਬਿੱਟੂ ਵੀ ਲੁਧਿਆਣਾ ਹਲਕੇ ਤੋਂ ਹਾਰ ਗਏ। ਉਂਝ, ਪਾਰਟੀ ਦੀ ਵੋਟ ਫ਼ੀਸਦ ਵਿੱਚ ਚੋਖਾ ਵਾਧਾ ਰਿਕਾਰਡ ਹੋਇਆ ਹੈ।

ਜਿਸ ਢੰਗ ਨਾਲ ਦੂਜੀਆਂ ਪਾਰਟੀਆਂ ਦੇ ਆਗੂ ਪਾਰਟੀ ਅੰਦਰ ਲਿਆਦੇ ਗਏ ਅਤੇ ਉਨ੍ਹ ਨੂੰ ਚੋਣ ਮੈਦਾਨ ਵਿੱਚ ਵੀ ਉਤਾਰਿਆ ਗਿਆ, ਉਸ ਤੋਂ ਜਾਪਦਾ ਹੈ ਕਿ ਪਾਰਟੀ ਪੰਜਾਬ ਵਿਚ ਪੈਰ ਪਸਾਰਨ ਵੱਲ ਖਾਸ ਤਵੱਜੋ ਦੇ ਰਹੀ ਹੈ। ਇਉਂ ਹੁਣ ਸਪੱਸ਼ਟ ਹੈ ਕਿ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੇ ਇਸ ਮੁਕਾਬਲਤਨ ਨੌਜਵਾਨ ਆਗੂ (ਰਵਨੀਤ ਸਿੰਘ ਬਿੱਟੂ) ਨੂੰ ਪਾਰਟੀ ਵੱਲੋਂ ਤਿਆਰ ਕਰਨਾ ਚਾਹੁੰਦੀ ਹੈ। ਸਭ ਕੁਝ ਮਿਲਾ ਕੇ ਦੇਖਿਆ ਜਾਵੇ ਤਾਂ ਭਾਜਪਾ ਨੇ ਨਾਜ਼ੁਕ ਤਵਾਜ਼ਨ ਬਿਠਾਉਣ ਦੀ ਕੋਸ਼ਿਸ਼ ਕੀਤੀ ਹੈ।

ਧਰਮਵੀਰ ਗਾਂਧੀ ਨੇ ਮੁੱਖ ਮੰਤਰੀ ਨੂੰ ਘੇਰਿਆ

ਪਟਿਆਲਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਗਵੰਤ ਮਾਨ ਪੰਜਾਬ ਵਿਚ ਕਥਿਤ ਤੌਰ 'ਤੇ ਭ੍ਰਿਸ਼ਟ ਅਫ਼ਸਰਾਂ ਨੂੰ ਬਚਾ ਕੇ ਉਨ੍ਹਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ, ਜਿਸ ਦੀ ਪੁਸ਼ਟੀ ਹਾਲ ਹੀ 'ਚ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਖ਼ਿਲਾਫ਼ ਦਰਜ ਕੇਸਾਂ ਤੋਂ ਹੋ ਜਾਂਦੀ ਹੈ। ਡਾ. ਗਾਂਧੀ ਨੇ ਐਕਸ 'ਤੇ ਇਕ ਵੀਡੀਓ ਸ਼ੇਅਰ ਕਰਦਿਆਂ ਕਿਹਾ ਕਿ ਭਗਵੰਤ ਮਾਨ ਦਾ ਭ੍ਰਿਸ਼ਟਾਚਾਰ ਵਿਰੋਧੀ ਚਿਹਰਾ ਸਾਹਮਣੇ ਆ ਗਿਆ ਹੈ, ਕਿਉਂਕਿ ਇਕ ਪੱਤਰਕਾਰ ਨੂੰ ਪਰਚੇ ਦਰਜ ਕਰ ਕੇ ਦਬਾਉਣ ਲਈ ਜੋ ਮੁਹਾਲੀ ਪੁਲੀਸ ਨੂੰ ਵਰਤਾ ?ਆ ਜਾ ਰਿਹਾ ਹੈ, ਉਹ ਜਮਹੂਰੀਅਤ ਦੀਆਂ ਕਦਰਾਂ ਕੀਮਤਾਂ ਖ਼ਿਲਾਫ਼ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਰਾਜਿੰਦਰ ਤੱਗੜ ਨੂੰ ਪ੍ਰੇਸ਼ਾਨ ਕਰਨਾ ਬੰਦ ਨਾ ਕੀਤਾ ਤਾਂ ਉਹ ਇਹ ਮੁੱਦਾ ਅੱਗੇ ਤੱਕ ਲੈ ਕੇ ਜਾਣਗੇ। ਡਾ. ਗਾਂਧੀ ਨੇ ਕਿਹਾ ਕਿ ਪਹਿਲਾਂ ਜੋ ਭਗਵੰਤ ਮਾਨ ਸਰਕਾਰ ਨੇ ਆਪਣੇ ਮੰਤਰੀਆਂ ਤੇ ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਤਹਿਤ ਕਾਰਵਾਈ ਹਿੱਤ ਲਿਆਂਦਾ ਸੀ ਉਹ ਮਹਿਜ਼ ਪੰਜਾਬੀਆਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦੇ ਬਰਾਬਰ ਸੀ। ਉਨ੍ਹਾਂ ਕਿਹਾ ਕਿ ਹੁਣ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੇ ਖ਼ਿਲਾਫ਼ ਪਰਚੇ ਦਰਜ ਕਰਕੇ ਉਸ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉਹ ਭਗਵੰਤ ਮਾਨ ਦੀ ਬਿਆਨ-ਸ਼ੈਲੀ ਤੋਂ ਬਿਲਕੁਲ ਹੀ ਉਲਟ ਹੈ। ਉਨ੍ਹਾਂ ਕਿਹਾ ਕਿ ਇਹ ਮੁੱਦਾ ਉਹ ਅੱਗੇ ਤੱਕ ਲੈ ਕੇ ਜਾਣਗੇ।

2024 ਦੀਆਂ ਲੋਕ ਸਭਾ ਚੋਣ ਫ਼ਤਵੇ ਦੇ ਸਬਕ

ਅਸ਼ਵਨੀ ਕੁਮਾਰ

ਲੋਕ ਸਭਾ ਚੋਣਾਂ ਦਾ ਫ਼ਤਵਾ ਲੋਕਰਾਜ, ਸ਼ੌਰਤ ਅਤੇ ਨਿਆਂ ਦੇ ਹੱਕ ਵਿੱਚ ਦਿੱਤਾ ਵੋਟ ਹੈ ਜੋ ਸਾਫ਼ ਤੌਰ 'ਤੇ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਵਿਰੋਧੀ ਧਿਰ ਦੀ ਨੈਤਿਕ ਜਿੱਤ ਹੈ। ਚੋਣ ਨਤੀਜੇ ਤਾਕਤ ਦੇ ਕੇਂਦਰੀਕਰਨ ਪ੍ਰਤੀ ਬੇਭਰੋਸਗੀ ਦਾ ਝਲਕਾਰਾ ਹੈ ਅਤੇ ਇਹ ਸੰਵਿਧਾਨਕ ਕਦਰਾਂ-ਕੀਮਤਾਂ ਮੁਤੱਲਕ ਵਚਨਬੱਧਤਾ ਦ੍ਰਿੜਾਉਂਦਾ ਹੈ। ਇਹ ਫ਼ਤਵਾ ਆਜ਼ਾਦੀ ਅਤੇ ਨਿਆਂ ਨੂੰ ਪ੍ਰਣਾਏ ਸਾਡੇ ਲੋਕਾਂ ਦੀ ਸੂਝ-ਬੂਝ ਪ੍ਰਤੀ ਅਕੀਦਤ ਪ੍ਰਗਟਾਉਂਦਾ ਹੈ। ਇਸ ਰਾਹੀਂ ਕੌਮ ਦੀ ਦੱਬੀ ਹੋਈ ਰੂਹ ਨੇ ਮੁੜ ਆਪਣੀ ਜ਼ਬਾਨ ਪਾ ਲਈ ਹੈ। ਇਹ ਵੋਟ ਦਰਸਾਉਂਦਾ ਹੈ ਕਿ ਆਜ਼ਾਦੀ ਦੀ ਰਾਤ ਅਸੀਂ ਲੋਕਾਂ ਦੀ ਆਜ਼ਾਦੀ ਅਤੇ ਸ਼ੌਰਤ ਦੀ ਰਾਖੀ ਕਰਨ ਵਾਸਤੇ ਜੋ ਹਲਫ਼ ਲਿਆ ਸੀ, ਉਹ ਅਜੇ ਜਾਰੀ ਹੈ। ਇਹ ਇਤਿਹਾਸ ਦੇ ਇਸ ਸਬਕ ਵਿੱਚ ਨਿਸ਼ਚਾ ਪੱਕਾ ਕਰਾਉਂਦਾ ਹੈ ਕਿ ਆਕੀ ਅਤੇ ਬਦਜ਼ਨ ਲੋਕਾਂ ਨੂੰ ਸਰਕਾਰਾਂ ਦੇ ਜ਼ੋਰ-ਜਬਰ ਨਾਲ ਬਹੁਤੀ ਦੇਰ ਦਬਾਇਆ ਨਹੀਂ ਜਾ ਸਕਦਾ ਅਤੇ ਇਹ ਕਿ ਉਹ ਹਾਕਮਾਂ ਦੇ ਝੂਠ ਦੀਆਂ ਪਰਤਾਂ ਤਾਰ-ਤਾਰ ਕਰ ਦਿੰਦੇ ਹਨ। ਫ਼ਤਵੇ ਦਾ ਸਬਕ ਇਹ ਹੈ ਕਿ ਸਾਡੇ ਸਮਿਆਂ ਦੀ ਭਾਵਨਾ ਸਾਨੂੰ ਜਮਹੂਰੀ ਰਾਜਨੀਤੀ ਵਿੱਚ ਜੋੜ ਕੇ ਅਤੇ ਤਰਾਸ਼ ਕੇ ਰੱਖ ਰਹੀ ਹੈ।

ਵਿਰੋਧੀ ਧਿਰ ਦੀਆਂ ਭਰਪੂਰ ਕੋਸ਼ਿਸ਼ਾਂ ਨੇ ਇੱਕ ਵਾਰ ਫਿਰ ਲੋਕਾਂ ਦੀ ਤਾਕਤ ਨੂੰ ਦਰਸਾਇਆ ਹੈ। ਸੰਘੀ ਸ਼ਾਸਨ ਪ੍ਰਣਾਲੀ ਵਿੱਚ ਖੇਤਰੀ ਉਮੰਗਾਂ ਅਤੇ ਕੌਮੀ ਰਾਜਨੀਤੀ ਦੀ ਮੁੜ ਵਿਉਂਤਬੰਦੀ ਇਸ ਫ਼ਤਵੇ ਦਾ ਸਪੱਸ਼ਟ ਸੰਦੇਸ਼ ਹੈ ਜਿਸ ਨਾਲ ਕਾਂਗਰਸ ਪਾਰਟੀ ਦੀ ਗਾਂਧੀਆਂ ਵਲੋਂ ਕੀਤੀ ਜਾ ਰਹੀ ਅਗਵਾਈ ਦੀ ਵੀ ਤਸਦੀਕ ਹੋਈ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਹ ਵੋਟ ਸਾਡੀ ਚੋਣ ਪ੍ਰਕਿਰਿਆ ਦੀ ਅਖੰਡਤਾ ਦੀ ਪੁਸ਼ਟੀ ਕਰਦੀ ਹੈ, ਇਸ ਚੋਣ ਦਾ ਸਭ ਤੋਂ ਮੂਲ ਸੰਦੇਸ਼ ਲੋਕਤੰਤਰ ਦਾ ਸਮਰਥਨ ਹੈ।

ਬਹਰਹਾਲ, ਪ੍ਰਧਾਨ ਮੰਤਰੀ ਨੂੰ ਮੁਬਾਰਕਵਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਇਸ ਸਮੁੱਚੇ ਪ੍ਰਚਾਰ ਦੌਰਾਨ ਜੀਅ ਜਾਨ ਨਾਲ ਆਪਣੇ ਮੋਢਿਆਂ 'ਤੇ ਇਹ ਜਿ ?ਮੇਵਾਰੀ ਚੁੱਕੀ। ਹੁਣ ਜਦੋਂ ਉਨ੍ਹਾਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ ਤਾਂ ਇਹ ਭਾਰਤ ਦੀ ਸਮਕਾਲੀ ਰਾਜਨੀਤੀ ਲਈ ਬੇਮਿਸਾਲ ਮੌਕਾ ਹੈ। ਹਾਲਾਂਕਿ ਉਨ੍ਹਾਂ ਨੂੰ ਝਟਕਾ ਵੱਜਿਆ ਹੈ ਪਰ ਉਹ ਇਹ ਦਾਅਵਾ ਕਰ ਕੇ ਧਰਵਾਸ ਲੈ ਸਕਦੇ ਹਨ ਕਿ ਉਨ੍ਹਾਂ ਦੀ ਪਾਰਟੀ ਨੇ ਦੇਸ਼ ਦੇ ਜ਼ਿਆਦਾਤਰ ਖੇਤਰਾਂ ਵਿੱਚ ਪੈਰ ਪਸਾਰ ਕੇ ਕੌਮੀ ਰਾਜਨੀਤੀ ਵਿੱਚ ਮੋਹਰੀ ਭੂਮਿਕਾ ਹਾਸਿਲ ਕਰ ਲਈ ਹੈ ਅਤੇ ਨਾਲ ਹੀ ਦੱਖਣੀ ਸੂਬਿਆਂ ਵਿੱਚ ਆਪਣੀ ਵੋਟ ਫ਼ੀਸਦ ਵਿੱਚ ਕਾਫ਼ੀ ਵਾਧਾ ਕੀਤਾ ਹੈ। ਉਤਸ਼ਾਹ ਦੇ ਮਾਹੌਲ ਵਿੱਚ ਵਿਰੋਧੀ ਧਿਰ ਨੂੰ ਸਮੇਂ ਤੋਂ ਪਹਿਲਾਂ ਹੀ ਪ੍ਰਧਾਨ ਮੰਤਰੀ ਦੇ ਸਿਆਸੀ ਕਰੀਅਰ ਦਾ ਭੋਗ ਪੈਣ ਦੀਆਂ ਗੱਲਾਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਸਾਫ਼ ਜ਼ਾਹਿਰ ਹੈ ਕਿ ਇਸ ਚੋਣ ਨੇ ਪ੍ਰਧਾਨ ਮੰਤਰੀ ਲਈ ਜ਼ਬਰਦਸਤ ਚੁਣੌਤੀ ਪੇਸ਼ ਕੀਤੀ ਹੈ। ਵੰਡ-ਪਾਊ ਅਤੇ ਥਕਾ ਦੇਣ ਵਾਲੇ ਪ੍ਰਚਾਰ ਨਾਲ ਦੇਸ਼ ਦੀ ਆਤਮਾ ਵਲੂੰਧਰੀ ਗਈ ਸੀ ਜਿਸ ਦੇ ਜ਼ਖ਼ਮਾਂ ਨੂੰ ਹੁਣ ਭਰਨ ਦੀ ਲੋੜ ਹੈ। ਘੱਟਗਿਣਤੀਆਂ ਦਾ ਤਿਰਸਕਾਰ, ਬਹੁਤ ਹੀ ਨੀਵੇਂ ਪੱਧਰ ਦਾ ਚੁਣਾਵੀ ਬਿਰਤਾਂਤ, ਸਿਆਸੀ ਮੁਫ਼ਾਦ ਦੀ ਖਾਤਰ ਕਾਨੂੰਨੀ ਅਤੇ ਨਿਆ

ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਦੀ ਧਰਮਸ਼ਾਲਾਵਾਂ ਦੇ ਨਵੀਨੀਕਰਣ ਤੇ ਸੁਧਾਰੀਕਰਣ ਲਈ ਜਾਰੀ ਹੋਣਗੇ 100 ਕਰੋੜ : ਨਾਇਬ ਸਿੰਘ

➢ ਸਰਕਾਰੀ ਨੌਕਰੀਆਂ ਵਿਚ ਅਨੁਸੂਚਿਤ ਜਾਤੀ ਦਾ ਬੈਕਲਾਗ ਜਲਦੀ ਹੋਵੇਗਾ ਪੂਰਾ ➢ 10 ਸਾਲਾਂ ਤੋਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੰਵਿਧਾਨ ਅਨੁਸਾਰ ਦੇਸ਼ ਵਿਕਾਸ ਦੇ ਪੱਥ 'ਤੇ ਲਗਾਤਾਰ ਵਧਿਆ

ਚੰਡੀਗੜ੍ਹ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਐਲਾਨ ਕਰਦੇ ਹੋਏ ਕਿਹਾ ਕਿ ਸੂਬੇ ਵਿਚ ਸਥਾਪਿਤ ਸਾਰੇ ਅਨੁਸੂਚਿਤ ਜਾਤੀ ਅਤੇ ਪਿਛੜਾ ਵਰਗ ਦੀ ਸਾਰੇ ਧਰਮਸ਼ਾਲਾਵਾਂ ਦੇ ਨਵੀਨੀਕਰਣ ਤੇ ਸੁਧਾਰੀਕਰਣ ਲਈ 100 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਜਾਵੇਗੀ।

ਉਨ੍ਹਾਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਆਪਣੇ ਕਾਰਜਕਾਲ ਵਿਚ ਸਰਕਾਰੀ ਨੌਕਰੀਆਂ ਵਿਚ ਅਨੁਸੂਚਿਤ ਜਾਤੀ ਦੇ ਬੈਕਲਾਗ ਨੂੰ ਖਤਮ ਕਰਨ ਦਾ ਕੰਮ ਕੀਤਾ ਹੈ ਅਤੇ ਜੇਕਰ ਕਿਤੇ ਕਮੀ ਰਹਿ ਗਈ ਹੈ ਤਾਂ ਜਲਦੀ ਹੀ ਇਸ ਨੂੰ ਪੂਰਾ ਕੀਤਾ ਜਾਵੇਗਾ।

ਮੁੱਖ ਮੰਤਰੀ ਅੱਜ ਇੱਥੇ ਉਨ੍ਹਾਂ ਦਾ ਸਵਾਗਤ ਕਰਨ ਆਏ ਅਨੁਸੂਚਿਤ ਜਾਤੀ ਸਮਾਜ ਦੇ ਵੱਖ-ਵੱਖ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਜਿਵੇਂ ਹੀ ਅਨੁਸੂਚਿਤ ਜਾਤੀ ਸਮਾਜ ਦੇ ਲੋਕਾਂ ਨੇ ਪੱਗ ਪਹਿਨਾ ਕੇ ਮੁੱਖ ਮੰਤਰੀ ਦਾ ਸਵਾਗਤ ਕੀਤਾ, ਜਿੰਦਾਬਾਦ ਦੇ ਨਾਰਿਆਂ ਨਾਲ ਪੂਰਾ ਪੰਡਾਲ ਗੂੰਜ ਉੱਠਿਆ।

ਮੇਰੇ ਦਰਵਾਜੇ ਸਾਰੇ ਲਈ ਖੁੱਲੇ, ਕਿਸੇ ਦੇ ਨਾਲ ਅਨਿਆਂ ਨਹੀਂ ਹੋਣ ਦਵਾਂਗੇ

ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਜੇਕਰ ਕੋਈ ਮੁਸ਼ਕਲ ਜਾਂ ਪਰੇਸ਼ਾਨੀ ਹੈ ਤਾਂ ਉਹ ਕਿਸੇ ਵੀ ਸਮੇਂ ਸੰਤ ਕਬੀਰ ਕੁਟੀਰ ਵਿਚ ਆ ਕੇ ਆਪਣੀ ਸਮਸਿਆ ਦੱਸ ਸਕਦੇ ਹਨ। ਉਨ੍ਹਾਂ ਦੀ ਸਮਸਿਆ ਦੇ ਹੱਲ ਲਈ ਤੁਰੰਤ ਪ੍ਰਭਾਵ ਨਾਲ ਕੰਮ ਕੀਤਾ ਜਾਵੇਗਾ। ਕਿਸੇ ਦੇ ਨਾਲ ਕੋਈ ਅਨਿਆਂ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਭਾਰਤ ਰਤਨ ਡਾ. ਭੀਮਰਾਓ ਅੰਬੇਦਕਰ ਦੀ ਸੋਚ ਗਰੀਰ ਤੋਂ ਗਰੀਬ ਵਿਅਕਤੀ ਨੂੰ ਮਜਬੂਤ ਕਰਨ ਅਤੇ ਉਨ੍ਹਾਂ ਦੇ ਅਧਿਕਾਰਾਂ ਦਾ ਸਰੰਖਣ ਕਰਨ ਦੀ ਸੀ। ਇਸੀ ਤਰ੍ਹਾ ਮਹਾਤਮਾ ਜਿਯੋਤਿਬਾ ਫੂਲੇ ਨੇ ਆਪਣਾ ਪੂਰਾ ਜੀਵਨ ਗਰੀਬ ਵਿਅਕਤੀ ਦੇ ਉਥਾਨ ਵਿਚ ਲਗਾ ਦਿੱਤਾ। ਜੇਕਰ ਇਹ ਦੋਨੋਂ ਮਹਾਪੁਰਸ਼ਾਂ ਨਾ ਹੁੰਦੇ ਤਾਂ ਗਰੀਬ ਨੂੰ ਉਸ ਦੇ ਅਧਿਕਾਰ ਹੀ ਨਹੀਂ ਮਿਲਦੇ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਕੁਰੂਕਸ਼ੇਤਰ ਵਿਚ ਗੁਰੂ ਰਵੀਦਾਸ ਜੀ ਦਾ ਧਾਮ ਵਿਕਸਿਤ ਕੀਤਾ ਜਾ ਰਿਹਾ ਹੈ ਜਿੱਥੇ ਉਨ੍ਹਾਂ ਦੀ ਸਿਖਿਆਵਾਂ ਦਾ ਪ੍ਰਚਾਰ-ਪ੍ਰਸਾਰ ਹੋਵੇਗਾ ਅਤੇ ਆਉਣ ਵਾਲੀ ਪੀੜ੍ਹੀਆਂ ਨੂੰ ਇਸ ਦਾ ਲਾਭ ਮਿਲ ਸਕੇਗਾ।ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸਾਡੀ ਸਭਿਆਚਾਰਕ ਵਿਰਾਸਤ ਮਜਬੂਤੀ ਨਾਲ ਅੱਗੇ ਵਧੀ ਹੈ ਅਤੇ ਦੇਸ਼ ਵਿਚ ਆਖੀਰੀ ਲਾਇਨ ਵਿਚ ਖੜੇ ਵਿਅਕਤੀ ਨੂੰ ਵੀ ਮਜਬੂਤੀ ਨਾਲ ਅੱਗੇ ਵਧਾਉਣ ਦਾ ਕੰਮ ਕੀਤਾ ਗਿਆ ਹੈ। ਲੋਕ ਸਭਾ ਚੋਣ ਵਿਚ ਕਾਂਗਰਸ ਪਾਰਟੀ ਅਤੇ ਗਠਜੋੜ ਵੱਲੋਂ ਸੰਵਿਧਾਨ ਅਤੇ ਰਾਖਵਾਂ ਨੂੰ ਲੈ ਕੇ ਗਲਤ ਪ੍ਰਚਾਰ ਕੀਤਾ ਗਿਆ। ਬਾਬਾ ਭੀਮਰਾਓ ਅੰਬੇਦਕਰ ਨੇ ਪਵਿੱਤਰ ਸੰਵਿਧਾਨ ਭਾਰਤ ਨੂੰ ਦਿੱਤਾ ਅਤੇ ਇਸੀ ਸੰਵਿਧਾਨ ਦੇ ਅਨੁਰੂਪ ਅੱਜ ਸਾਡਾ ਦੇਸ਼ ਚੱਲ ਰਿਹਾ ਹੈ। ਵਿਰੋਧੀ ਵੱਲੋਂ ਸੰਵਿਧਾਨ ਨੂੰ ਖਤਮ ਕਰਨ ਸਬੰਧੀ ਗਲਤ ਪ੍ਰਚਾਰ ਕਰਦੇ ਹੋਏ ਕਿਹਾ ਗਿਆ ਹੈ ਕਿ ਜੇਕਰ ਨਰੇਂਦਰ ਮੋਦੀ ਫਿਰ ਤੋਂ ਪ੍ਰਧਾਨ ਮੰਤਰੀ ਬਣ ਗਏ ਤਾਂ ਇਹ ਸੰਵਿਧਾਨ ਅਤੇ ਰਾਖਵਾਂ ਨੂੰ ਖਤਮ ਕਰ ਦੇਣਗੇ। ਉਨ੍ਹਾਂ ਨੇ ਕਿਹਾ ਕਿ ਉਹ ਲੋਕ ਪਵਿੱਤਰ ਸੰਵਿਧਾਨ ਨੂੰ ਮੰਚ 'ਤੇ ਰੱਖ ਕੇ ਗਲਤ ਪ੍ਰਚਾਰ ਕਰਦੇ ਸਨ ਜਿਨ੍ਹਾਂ ਨੇ ਕਦੀ ਸੰਵਿਧਾਨ ਨੂੰ ਸਨਮਾਨ ਹੀ ਨਹੀਂ ਦਿੱਤਾ। ਉਨ੍ਹਾਂ ਨੇ ਕਿਹਾ ਕਿ ਜਵਾਹਰਲਾਲ ਨਹਿਰੂ ਦੇ ਸਮੇਂ ਵਿਚ ਬਾਬਾ ਸਾਹੇਬ ਨੇ ਕਿਹਾ ਸੀ ਕਿ ਧਾਰਾ 370 ਨੂੰ ਸੰਵਿਧਾਨ ਵਿਚ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ ਹੈ। ਬਾਬਾ ਸਾਹੇਬ ਨੇ ਉਦੋਂ ਧਾਰਾ 370 ਦਾ ਵਿਰੋਧ ਕੀਤਾ ਸੀ। ਕਾਂਗਰਸ ਵੱਲੋਂ ਉਸ ਸਮੇਂ ਸੰਵਿਧਾਨ ਦੇ ਮੂਲ ਭਾਵ ਨਾਲ ਖਿਲਵਾੜ ਕਰਦੇ ਹੋਏ ਧਾਰਾ -370 ਨੂੰ ਸ਼ਾਮਿਲ ਕਰਨਾ ਸਰਾਸਰ ਸੰਵਿਧਾਨ ਦਾ ਅਪਮਾਨ ਸੀ।

10 ਸਾਲਾਂ ਤੋਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੰਵਿਧਾਨ ਅਨੁਸਾਰ ਦੇਸ਼ ਵਿਕਾਸ ਦੇ ਪੱਥ 'ਤੇ ਲਗਾਤਾਰ ਵਧਿਆ

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਸੰਵਿਧਾਨ ਅਨੁਸਾਰ ਹੀ ਦੇਸ਼ ਚਲਿਆ ਹੈ ਅਤੇ ਅੱਜ ਕੋਈ ਨਹੀਂ ਕਹਿ ਸਕਦਾ ਕਿ ਨਰੇਂਦਰ ਮੋਦੀ ਨੇ ਸੰਵਿਧਾਨ ਦੀ ਗਰਿਮਾ ਨੂੰ ਇਸ ਸਮੇਂ ਵਿਚ ਕਿਸੇ ਵੀ ਪੱਧਰ 'ਤੇ ਘੱਟ ਹੋਣ ਦਿੱਤਾ। ਇਸ ਦੇ ਬਾਵਜੂਦ ਵੀ ਕਾਂਗਰਸ ਵੱਲੋਂ ਸਿਰਫ ਤੁਹਾਨੂੰ ਗੁਮਰਾਹ ਕਰ ਕੇ ਇਸ ਤਰ੍ਹਾ ਦਾ ਮਾਹੌਲ ਚੋਣ ਵਿਚ ਪੈਦਾ ਕੀਤਾ ਗਿਆ। ਮੁੱਖ ਮੰਤਰੀ ਨੇ ਅਨੁਸੂਚਿਤ ਜਾਤੀ ਸਮਾਜ ਦੇ ਪਰਿਵਾਰਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਤੁਸੀਂ ਸਾਰਿਆਂ ਨੂੰ ਅਜਿਹੀ ਅਫਵਾਹਾਂ ਤੋਂ ਸਮਾਜ ਨੂੰ ਬਚਾਉਣਾ ਹੈ ਅਤੇ ਉਨ੍ਹਾਂ ਨੂੰ ਠੀਕ ਰਸਤਾ ਦਿਖਾਉਣਾ ਹੈ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜੀ ਅੱਜ ਤੀਜੀ ਵਾਰ ਸੁੰਹ ਲੈ ਰਹੇ ਹਨ ਅਤੇ ਉਨ੍ਹਾਂ ਦੀ ਅਗਵਾਈ ਹੇਠ ਜਿਸ ਤਰ੍ਹਾ ਮਨੋਹਰ ਲਾਲ ਜੀ ਨੇ ਹਰਿਆਣਾ ਵਿਚ ਗਰੀਬ ਅਤੇ ਵਾਂਝੇ ਦੇ ਉਥਾਨ ਲਈ ਕੰਮ ਕੀਤਾ ਉਸੀ ਤਰਜ 'ਤੇ ਅਸੀਂ ਮਿਲ ਕੇ ਸੂਬੇ ਨੂੰ ਵਿਕਾਸ ਦੇ ਪੱਥ 'ਤੇ ਵਧਾ ਰਹੇ ਹਨ।

ਇਸ ਤੋਂ ਪਹਿਲਾਂ ਰਾਜਸਭਾ ਸਾਂਸਦ ਕ੍ਰਿਸ਼ਣ ਪੰਵਾਰ ਸਮਾਰੋਹ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਹਾਲ ਹੀ ਵਿਚ ਲੋਕਸਭਾ ਚੋਣ ਵਿਚ ਅਨੁਸੂਚਿਤ ਜਾਤੀ ਸਮਾਜ ਦੇ ਲੋਕਾਂ ਨੂੰ ਗੁਮਰਾਹ ਕਰਨ ਦਾ ਕੰਮ ਕਾਂਗਰਸ ਪਾਰਟੀ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨੇ ਸਾਰੇ ਸੰਤਾਂ ਮਹਾਪੁਰਸ਼ਾਂ ਅਤੇ ਗੁਰੂਆਂ ਨੂੰ ਸਨਮਾਨ ਦਿੱਤਾ। ਹਰਿਆਣਾ ਸੂਬੇ ਵਿਚ ਸੰਤ ਅਤੇ ਮਹਾਪੁਰਸ਼ਾਂ ਦੀ ਜੈਯੰਤੀਆਂ ਨੂੰ ਸਰਕਾਰੀ ਤੌਰ 'ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅਨੁਸੂਚਿਤ ਜਾਤੀ ਸਮਾਜ ਨੂੰ ਆਪਣੇ ਹਿੱਤੇਸ਼ੀ ਨੂੰ ਸਮਝਦੇ ਹੋਏ ਕਾਂਗਰਸ ਪਾਰਟੀ ਦੇ ਗਲਤ ਪ੍ਰਚਾਰ ਤੋਂ ਬੱਚਨਾ ਹੈ।

ਸਾਬਕਾ ਲੋਕਸਭਾ ਸਾਂਸਦ ਸ੍ਰੀ ਅਸ਼ੋਕ ਤੰਵਰ ਨੇ ਕਿਹਾ ਕਿ ਵਿਰੋਧੀ ਵੱਲੋਂ ਹਾਲ ਹੀ ਵਿਚ ਲੋਕਸਭਾ ਚੋਣ ਵਿਚ ਦੇਸ਼ ਨੂੰ ਗੁਮਰਾਹ ਕਰਨ ਦੀ ਕੌਸ਼ਿਸ਼ ਕੀਤੀ ਗਈ ਜਿਸ ਵਿਚ ਉਨ੍ਹਾਂ ਨੂੰ ਕੁੱਝ ਹੱਦ ਤਕ ਕਾਮਯਾਬੀ ਵੀ ਮਿਲੀ। ਕਾਂਗਰਸ ਪਾਰਟੀ ਨੇ ਹਮੇਸ਼ਾ ਸਿਰਫ ਝੂਠ ਦੀ ਜਾਜਨੀਤੀ ਦਾ ਸਹਾਰਾ ਲਿਆ ਹੈ ਚਾਹੇ ਉਹ ਗਰੀਬੀ ਹਟਾਉਣ ਦਾ ਨਾਰਾ ਹੋਵੇ ਜਾਂ ਕੋਈ ਹੋਰ ਗੱਲ ਹੋਵੇ। ਲੋਕਸਭਾ ਚੋਣ ਵਿਚ ਇਕ ਨਾਰਾ ਚਲਿਆ ਕਿ ਜੇਕਰ ਭਾਰਤੀ ਜਨਤਾ ਪਾਰਟੀ ਫਿਰ ਤੋਂ ਸੱਤਾ ਵਿਚ ਆ ਗਈ ਤਾਂ ਉਹ ਸੰਵਿਧਾਨ ਅਤੇ ਰਾਖਵਾਂ ਨੂੰ ਬਦਲ ਦਵੇਗੀ ਅਤੇ ਦੇਸ਼ ਖਤਮ ਹੋ ਜਾਵੇਗ। ਉਨ੍ਹਾਂ ਨੇ ਕਿਹਾ ਕਿ ਅੱਜ ਜੋ ਸਰਕਾਰੀ ਨੌਕਰੀਆਂ ਵਿਚ ਬੈਕਲਾਗ ਦੀ ਸਮਸਿਆ ਹੈ ਉਹ ਕਾਂਗਰਸ ਦੀ ਹੀ ਦੇਣ ਹੈ। ਉਨ੍ਹਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਅਨੁਸੂਚਿਤ ਜਾਤੀ ਨਾਲ ਸਬੰਧਿਤ ਸਮਾਜ ਕਾਂਗਰਸ ਦੇ ਗਲਤ ਪ੍ਰਚਾਰ ਤੋਂ ਗੁਮਰਾਹ ਨਾ ਹੋਣ, ਤੁਹਾਡੇ ਅਧਿਕਾਰ ਪੂਰੀ ਤਰ੍ਹਾ ਨਾਲ ਸੁਰੱਖਿਅਤ ਹਨ ਅਤੇ ਅੱਗੇ ਵੀ ਰਹਿਣਗੇ।

ਭਾਜਪਾ ਮਹਿਲਾ ਵਿੰਗ ਦੀ ਵਾਇਸ ਪ੍ਰੈਸੀਡੈਂਟ ਸ੍ਰੀਮਤੀ ਬੰਤੋਂ ਕਟਾਰਿਆ ਨੇ ਇਸ ਮੌਕੇ 'ਤੇ ਪ੍ਰੋਗ੍ਰਾਮ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਸਮਾਜ ਦੇ ਲੋਕਾਂ ਨੂੰ ਗੁਮਰਾਹ ਕਰਨ ਦੇ ਉਦੇਸ਼ ਨਾਲ ਸੰਵਿਧਾਨ ਤੇ ਰਾਖਵਾਂ ਨੂੰ ਲੈ ਕੇ ਗਲਤ ਪ੍ਰਚਾਰ ਕੀਤਾ ਗਿਆ। ਉਨ੍ਹਾਂ ਨੇ ਅਪੀਲ ਕਰਦੇ ਹੋਏ ਕਿਹਾ ਕਿ ਸਾਰੇ ਮੌਜੂਦ ਬੁੱਧੀਜੀਵੀ ਅਤੇ ਪ੍ਰਬੁੱਧਜਨ ਇੱਥੋਂ ਸੰਕਲਪ ਲੈ ਕੇ ਜਾਣ ਕਿ ਕਾਂਗਰਸ ਪਾਰਟੀ ਦੇ ਗਲਤ ਪ੍ਰਚਾਰ ਦਾ ਜਵਾਬ ਦਿੰਦੇ ਹੋਏ ਆਉਣ ਵਾਲੇ ਵਿਧਾਨਸਭਾ ਚੋਣ ਵਿਚ ਤੀਜੀ ਵਾਰ ਸੂਬੇ ਵਿਚ ਕਮਲ ਖਿਲਾਉਣ ਦਾ ਕੰਮ ਕਰਣਗੇ।

ਇਸ ਮੌਕੇ 'ਤੇ ਵਿਧਾਇਕ ਸਤਅ ਪ੍ਰਕਾਸ਼ ਜਰਾਵਤਾ, ਮੁੱਖ ਮੰਤਰੀ ਦੇ ਰਾਜਨੀਤਿਕ ਸਲਾਹਕਾਰ ਭਾਰਤ ਭੂਸ਼ਨ ਭਾਰਤੀ, ਸਾਬਕਾ ਐਚਸੀਐਸ ਅਧਿਕਾਰੀ ਅਮਰਜੀਤ, ਗੁਰੂ ਰਵੀਦਾਸ ਸਭਾ ਅਤੇ ਅਧਿਆਪਕ ਯੂਨੀਅਨ ਦੇ ਅਧਿਕਾਰੀ ਸਮੇਤ ਮੁੱਖ ਮੰਤਰੀ ਦਾ ਸਵਾਗਤ ਕਰਨ ਲਈ ਸੈਕੜੇਂ ਲੋਕ ਮੌਜੂਦ ਸਨ।

'ਆਪ' ਨੇ ਹਰਿਆਣਾ 'ਤੇ ਦਿੱਲੀ ਦਾ ਪਾਣੀ ਰੋਕਣ ਦਾ ਦੋਸ਼ ਲਗਾਇਆ

ਨਵੀਂ ਦਿੱਲੀ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ (ਆਪ) ਨੇ ਅੱਜ ਮੁੜ ਹਰਿਆਣਾ ਦੀ ਭਾਜਪਾ ਸਰਕਾਰ 'ਤੇ ਨਕਾਰਾਤਮਕ ਰਾਜਨੀਤੀ ਕਰਨ ਅਤੇ ਯਮੁਨਾ ਨਦੀ 'ਚ ਪਾਣੀ ਦੀ ਸਪਲਾਈ ਰੋਕਣ ਦਾ ਦੋਸ਼ ਲਗਾਇਆ ਹੈ।

ਆਪ ਦੀ ਕੌਮੀ ਤਰਜਮਾਨ ਪ੍ਰਿਯੰਕਾ ਕੱਕੜ ਨੇ ਪ੍ਰੈਸ ਕਾਨਫਰੰਸ ਦੌਰਾਨ ਦਾਅਵਾ ਕੀਤਾ ਕਿ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਹਿਮਾਚਲ ਪ੍ਰਦੇਸ਼ ਵੱਲੋਂ ਛੱਡਿਆ ਗਿਆ 137 ਕਿਊਸਿਕ ਪਾਣੀ ਹਾਲੇ ਤੱਕ ਦਿੱਲੀ ਨਹੀਂ ਪਹੁੰਚਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਹਰਿਆਣਾ ਦੀ ਭਾਜਪਾ ਸਰਕਾਰ ਨੇ ਨਾ ਸਿਰਫ਼ ਹਿਮਾਚਲ ਪ੍ਰਦੇਸ਼ ਤੋਂ ਦਿੱਲੀ ਨੂੰ ਮਿਲਣ ਵਾਲਾ ਪਾਣੀ ਬੰਦ ਕਰ ਦਿੱਤਾ ਹੈ, ਸਗੋਂ ਦੋਵਾਂ ਰਾਜਾਂ ਵਿਚਾਲੇ ਹੋਏ ਸਮਝੌਤੇ ਅਨੁਸਾਰ ਰਾਸ਼ਟਰੀ ਰਾਜਧਾਨੀ ਦੇ ਹਿੱਸੇ ਦੇ 1050 ਕਿਊਸਿਕ ਪਾਣੀ 'ਚ ਵੀ 200 ਕਿਊਸਿਕ ਕਟੌਤੀ ਕੀਤੀ ਹੈ।ਇਸ ਦੌਰਾਨ ਆਪ ਵਰਕਰਾਂ ਨੇ ਦਿੱਲੀ ਨੂੰ ਪਾਣੀ ਰੋਕਣ ਦਾ ਦੋਸ਼ ਲਾਉਂਦਿਆਂ ਭਾਜਪਾ ਖ਼ਿਲਾਫ਼ ਪ੍ਰਦਰਸ਼ਨ ਕੀਤਾ।

ਮਹਾਰਾਣਾ ਪ੍ਰਤਾਪ ਦੀ ਜੈਅੰਤੀ ਮੌਕੇ ਰਾਜਪੂਤ ਭਵਨ ਦਾ ਨੀਂਹ ਪੱਥਰ

ਯਮੁਨਾਨਗਰ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨਵੀਂ ਅਨਾਜ ਮੰਡੀ ਜਗਾਧਰੀ ਵਿੱਚ ਮਹਾਰਾਣਾ ਪ੍ਰਤਾਪ ਦੇ 485ਵੇਂ ਜਨਮ ਦਿਹਾੜੇ ਸਬੰਧੀ ਸਮਾਗਮ ਮੌਕੇ ਰਾਜਪੂਤ ਭਵਨ ਦਾ ਨੀਂਹ ਪੱਥਰ ਜੰਗਲਾਤ, ਵਾਤਾਵਰਨ, ਜੰਗਲੀ ਜੀਵ ਅਤੇ ਖੇਡ ਰਾਜ ਮੰਤਰੀ ਸੰਜੇ ਸੂਰਜਪਾਲ ਸਿੰਘ ਵੱਲੋਂ ਰੱਖਿਆ ਗਿਆ।

ਉਨ੍ਹਾਂ ਕਿਹਾ ਕਿ ਇਹ ਰਾਜਪੂਤ ਭਵਨ ਜਲਦੀ ਹੀ ਬਣ ਕੇ ਤਿਆਰ ਹੋ ਜਾਵੇਗਾ । ਉਨ੍ਹਾਂ ਇਸ ਰਾਜਪੂਤ ਭਵਨ ਲਈ 11 ਲੱਖ ਰੁਪਏ ਅਤੇ ਅਭਿਸ਼ੇਕ ਚੌਹਾਨ ਨੇ 5 ਲੱਖ ਰੁਪਏ ਦਾਨ ਦੇਣ ਦਾ ਐਲਾਨ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਤੀਜੀ ਵਾਰ ਬਣਨ ਤੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਜਿਸ ਮਹਾਨ ਯੋਧੇ ਦਾ ਜਨਮ ਦਿਨ ਅਸੀਂ ਅੱਜ ਮਨਾ ਰਹੇ ਹਾਂ, ਉਸ ਨੇ ਰਾਜਪੂਤ ਭਾਈਚਾਰੇ ਦਾ ਮਾਣ ਵਧਾਇਆ ਹੈ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਨੇ ਘਾਹ ਤੋਂ ਬਣੀ ਰੋਟੀ ਖਾਧੀ ਅਤੇ ਸਵੈ-ਮਾਣ ਲਈ ਕਿਸੇ ਅੱਗੇ ਸਿਰ ਨਹੀਂ ਝੁਕਾਇਆ। ਜੇਕਰ ਇਹ ਵੰਸ਼ ਨਾ ਲੜਿਆ ਹੁੰਦਾ ਤਾਂ ਅੱਜ ਹਿੰਦੂ ਵੰਸ਼ ਨਾ ਹੁੰਦਾ। ਵਾਤਾਵਰਨ ਨੂੰ ਬਚਾਉਣ ਲਈ ਰਾਜ ਮੰਤਰੀ ਨੇ ਸਾਰੇ ਲੋਕਾਂ ਨੂੰ ਇੱਕ-ਇੱਕ ਬੂਟਾ ਵੰਡਿਆ । ਮਹਾਰਾਣਾ ਪ੍ਰਤਾਪ ਜੀ ਦੇ ਜਨਮ ਦਿਨ ਮੌਕੇ ਰੁਦਰ ਪ੍ਰਤਾਪ ਅਤੇ ਦੇਵੇਂਦਰ ਪ੍ਰਤਾਪ ਨੇ ਕਵਿਤਾ ਉਚਾਰਨ ਕੀਤੀ ਜਦਕਿ ਵਿਸ਼ਵ ਸਮਤਾ ਸੀਨੀਅਰ ਸੈਕੰਡਰੀ ਦੇ ਬੱਚਿਆਂ ਨੇ ਸਵਾਗਤੀ ਗੀਤ ਗਾਇਆ। ਇਸ ਮੌਕੇ ਹਰਿਆਣਾ ਸਹਿਕਾਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਦੇ ਚੇਅਰਮੈਨ ਅਮਰਪਾਲ ਰਾਣਾ, ਸਾਬਕਾ ਸੰਸਦੀ ਸਕੱਤਰ ਸ਼ਿਆਮ ਸਿੰਘ ਰਾਣਾ, ਮਾਸਟਰ ਜਗਦੀਸ਼, ਪੋਰਸ ਰਾਣਾ, ਕੰਵਰ ਰਾਗੇਪਾਲ ਚੌਹਾਨ, ਪ੍ਰਿੰਸੀਪਲ ਅਸ਼ੋਕ ਚੌਹਾਨ, ਭਗਵਤ ਦਿਆਲ ਕਟਾਰੀਆ, ਰਵੀਸ਼ ਚੌਹਾਨ, ਸੰਜੇ ਚੌਹਾਨ, ਰਾਮਵੀਰ, ਯੋਗੇਸ਼ ਰਾਣਾ, ਨੀਰਜ ਚੌਹਾਨ, ਨਰਿੰਦਰ ਰਾਣਾ, ਜੈ ਪਾਲ ਸਿੰਘ, ਰਵਿੰਦਰ ਰਾਣਾ ਅਤੇ ਹੋਰ ਪਤਵੰਤੇ ਹਾਜ਼ਰ ਸਨ ।

ਸੈਣੀ ਵੱਲੋਂ 20 ਹਜ਼ਾਰ ਬੀਪੀਐੱਲ ਪਰਿਵਾਰਾਂ ਨੂੰ ਪਲਾਟ ਦੇਣ ਦਾ ਐਲਾਨ

ਚੰਡੀਗੜ੍ਹ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸੈਣੀ ਨੇ ਅੱਜ ਐਲਾਨ ਕੀਤਾ ਕਿ ਹਰਿਆਣਾ ਵਿੱਚ ਸੂਬਾ ਸਰਕਾਰ ਵੱਲੋਂ ਵਿੱਤੀ ਵਰ੍ਹੇ 2024-25 ਵਿੱਚ 20 ਹਜ਼ਾਰ ਬੀਪੀਐੱਲ ਪਰਿਵਾਰਾਂ ਨੂੰ 100-100 ਗਜ਼ ਦੇ ਪਲਾਟ ਦਿੱਤੇ ਜਾਣਗੇ। ਉਨ੍ਹਾਂ ਇਹ ਪ੍ਰਗਟਾਵਾ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ 7500 ਬੀਪੀਐੱਲ ਪਰਿਵਾਰਾਂ ਨੂੰ ਪਲਾਟ 12 ਜੂਨ ਨੂੰ ਮੁਹੱਈਆ ਕਰਵਾਏ ਜਾਣਗੇ। ਇਸ ਲਈ ਸੋਨੀਪਤ ਵਿੱਚ ਰਾਜ ਪੱਧਰ

ਰਾਗ ਨਾਦ ਸਬਦਿ ਸੋਹਲੇ 18

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ, **'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥'** ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ 18ਵੇਂ ਸਥਾਨ 'ਤੇ ਆਉਣ ਵਾਲੇ ਰਾਗ 'ਰਾਮਕਲੀ' ਬਾਰੇ..

ਰਾਗ ਰਾਮਕਲੀ

ਰਾਮਕਲੀ ਰਾਗ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਰਾਗ ਤਰਤੀਬ ਵਿਚ ਅਠਾਰਵੇਂ ਸਥਾਨ 'ਤੇ ਦਰਜ ਕੀਤਾ ਗਿਆ ਹੈ। ਇਸ ਰਾਗ ਵਿਚ ਬਾਣੀ ਪੰਨਾ ਨੰਬਰ 876 ਤੋਂ ਲੈ ਕੇ ਪੰਨਾ ਨੰਬਰ 874 ਤਕ ਸੁਸ਼ੋਭਿਤ ਹੈ। ਗੁਰਮਤਿ ਸੰਗੀਤ ਦੇ ਨਾਲ ਸਿੱਖ ਭਾਈਚਾਰੇ ਵਿਚ ਰਾਗ ਰਾਮਕਲੀ ਦੀ ਖ਼ਾਸ ਮਹੱਤਤਾ ਹੈ। ਇਸ ਦੇ ਮੁੱਖ ਕਾਰਨ ਹਨ ਕਿ ਸਿੱਖ ਦੇ ਜੀਵਨ ਦੇ ਹਰ ਖ਼ੁਸ਼ੀ-ਗ਼ਮੀ ਮੌਕੇ ਧਾਰਮਿਕ ਸਮਾਗਮ ਤੋਂ ਬਾਅਦ ਅਤੇ ਰੋਜ਼ਾਨਾ ਅਰਦਾਸ ਤੋਂ ਪਹਿਲਾਂ ਕੀਰਤਨ ਦੀ ਸਮਾਪਤੀ ਵੇਲੇ ਗੁਰੂ ਅਮਰਦਾਸ ਜੀ ਦੀ ਰਾਗ ਰਾਮਕਲੀ ਅੰਦਰ ਉਚਾਰਣ ਕੀਤੀ ਗਈ ਬਾਣੀ 'ਅਨੰਦੁ' ਜਿਸ ਨੂੰ ਸਤਿਕਾਰ ਨਾਲ 'ਅਨੰਦੁ ਸਾਹਿਬ' ਕਿਹਾ ਜਾਂਦਾ ਹੈ ਦਾ ਪਾਠ ਜਾਂ ਕੀਰਤਨ ਦੇ ਰੂਪ ਵਿਚ ਗਾਇਨ ਕਰਨ ਦੀ ਮਰਿਆਦਾ ਹੈ। ਦੂਜਾ ਇਹ ਕਿ ਇਸ ਰਾਗ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ, ਭਾਵ ਛੇ ਗੁਰੂ ਸਾਹਿਬਾਨ ਵੱਲੋਂ ਬਾਣੀ ਉਚਾਰਣ ਕੀਤੀ ਗਈ ਹੈ। ਤੀਜਾ ਇਹ ਕਿ, 'ਗੁਰੂ ਅਮਰਦਾਸ ਜੀ ਦੇ ਪੜੋਤੇ ਬਾਬਾ ਸੁੰਦਰ ਜੀ ਵੱਲੋਂ ਮਨੁੱਖੀ ਜੀਵਨ ਦੀ ਨਾਸ਼ਵਾਨਤਾ ਦਰਸਾਉਂਦੀ ਬਾਣੀ 'ਸਦੁ' ਵੀ ਰਾਮਕਲੀ ਰਾਗ ਦੇ ਅੰਤਰਗਤ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਬਾਬੇ ਨਾਨਕ ਜੀ ਦੀ 'ਸਿਧ ਗੋਸਟਿ', 'ਓਅੰਕਾਰ' ਆਦਿ ਪ੍ਰਚਲਿਤ ਬਾਣੀਆਂ ਵੀ ਇਸ ਰਾਗ ਵਿਚ ਉਚਾਰਣ ਕੀਤੀਆਂ ਗਈਆਂ ਹਨ। ਗੁਰੂ ਘਰ ਦੇ ਅਨਿੰਨ ਸੇਵਕ ਅਤੇ ਕੀਰਤਨੀਏ 'ਸਤੇ ਬਲਵੰਡਿ ਦੀ ਵਾਰ' ਵੀ ਇਸ ਰਾਗ ਅਧੀਨ ਹੀ ਦਰਜ ਕੀਤੀ ਹੋਈ ਮਿਲਦੀ ਹੈ। ਨੜਿੰਨਵੇਂ ਪੰਨਿਆਂ 'ਤੇ ਦਰਜ 'ਰਾਮਕਲੀ ਰਾਗ' ਵਿਚ ਭਗਤ ਸਾਹਿਬਾਨ ਦੀ ਗੱਲ ਕਰੀਏ ਤਾਂ ਭਗਤ ਕਬੀਰ ਜੀ, ਭਗਤ ਬੇਣੀ ਜੀ, ਰਵਿਦਾਸ ਜੀ ਅਤੇ ਨਾਮਦੇਵ ਜੀ ਦੀ ਬਾਣੀ ਸ਼ਾਮਲ ਹੈ। ਰਾਗ ਰਾਮਕਲੀ ਵਿਚ 'ਰਾਮਕਲੀ ਦੱਖਣੀਂ' ਸਿਰਲੇਖ ਹੇਠ ਵੀ ਬਾਣੀ ਦਰਜ ਹੈ।

ਇਤਿਹਾਸਕ ਅਤੇ ਸੰਗੀਤਕ ਪੱਖ ਤੋਂ ਇਹ ਰਾਗ ਇਕ ਪੁਰਾਤਨ ਰਾਗ ਹੈ ਅਤੇ ਕਠਿਨ ਰਾਗਾਂ ਦੀ ਸ਼੍ਰੇਣੀ ਵਿਚ ਆਉਂਦਾ ਹੈ, ਬਾਵਜੂਦ ਇਸ ਦੇ ਇਹ ਇਕ ਮਹੱਤਵਪੂਰਣ ਰਾਗ ਹੈ। ਭਾਈ ਕਾਨ੍ਹ ਸਿੰਘ ਨਾਭਾ ਆਪਣੀ ਕ੍ਰਿਤ ਮਹਾਨਕੋਸ਼ ਵਿਚ ਲਿਖਦੇ ਹਨ, 'ਇਹ ਭੈਰਵ ਥਾਟ ਦੀ ਔੜਵ ਸੰਪੂਰਣ ਰਾਗਣੀ ਹੈ। ਆਰੋਹ ਵਿਚ ਮੱਧਮ ਅਤੇ ਨਿਸ਼ਾਧ ਵਰਜਿਤ ਹੈ। ਰਿਸ਼ਭ ਅਤੇ ਧੈਵਤ ਕੋਮਲ, ਬਾਕੀ ਸੁਰ ਸ਼ੁੱਧ ਲੱਗਦੇ ਹਨ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ। ਇਸ ਨੂੰ ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਚੜ੍ਹੇ ਤਕ ਹੈ।' •

98150-24920

ਸੋਈ ਮਰਦੁ ਮਰਦੁ ਮਰਦਾਨਾ

ਡਾ. ਰੂਪ ਸਿੰਘ

ਭਾਈ ਸਾਹਿਬ ਭਾਈ ਮਰਦਾਨਾ ਜੀ ਦਾ ਜਨਮ ਜਗਤ ਜਲੰਦਾ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਅਸਥਾਨ ਤਲਵੰਡੀ ਰਾਏ ਭੋਇ ਵਿਖੇ 1516 ਬਿਕ੍ਰਮੀ 'ਚ ਹੋਇਆ। ਭਾਈ ਸਾਹਿਬ ਗੁਰੂ ਸਾਹਿਬ ਦੀ ਅਰੀਮੀ ਛੋਹ ਪ੍ਰਾਪਤ ਕਰਦੇ ਜਨਮ-ਮਰਨ ਤੋਂ ਰਹਿਤ ਹੋਏ। ਭਾਈ ਸਾਹਿਬ ਨੇ ਅੰਤਿਮ ਸੁਆਸ ਗੁਰੂ ਨਾਨਕ ਸਾਹਿਬ ਦੇ ਪਾਵਨ ਹੱਥਾਂ ਵਿਚ 13 ਮੱਘਰ ਸੰਮਤ 1591, ਮੁਤਾਬਕ 11 ਨਵੰਬਰ 1534 ਈਸਵੀ ਨੂੰ ਅਫ਼ਗਾਨਿਸਤਾਨ ਦੇ ਕੁਰਮ ਨਗਰ ਵਿਖੇ ਲਏ। ਅੰਤਮ ਸੰਸਕਾਰ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਲ ਸਖਾਈ ਮਿੱਤਰਤਾ ਨੂੰ ਅੰਤਮ ਸਾਹ ਤੀਕ ਨਿਭਾਉਂਦੇ, ਸਦੀਵੀ ਸੱਜਣਤਾਈ ਸਥਾਪਤ ਕਰਦੇ ਹੋਏ ਨਵੇਂ ਕੀਰਤੀਮਾਨ ਦੀ ਸਿਰਜਣਾ ਕਰਦੇ ਹਨ। ਅਜਿਹੀ ਮਿੱਤਰਤਾ, ਸਨੇਹੇ, ਪਿਆਰ, ਮੁਹੱਬਤ ਦੀ ਮਿਸਾਲ ਦੁਰਲੱਭ ਹੋਵੇਗੀ। ਬਿਖੜੇ ਪੈਂਡਿਆਂ ਦੇ ਪਾਂਧੀ, ਜਗਤ ਸੁਧਾਰਕ ਗੁਰੂ ਨਾਨਕ ਦੇਵ ਜੀ ਪ੍ਰਤੀ ਭਾਈ ਮਰਦਾਨਾ ਜੀ ਦੀ ਨਿਰਮਤਾ, ਸਮਰਪਣ ਭਾਵਨਾ, ਇੱਛਾ-ਸ਼ਕਤੀ, ਦ੍ਰਿੜ੍ਹਤਾ, ਉਦਾਰਤਾ, ਤਿਆਗ, ਸਬਰ, ਸੰਤੋਖ, ਸੰਜਮ, ਸਹਿਜ, ਸਦਭਾਵਨਾ ਤੇ ਸਾਂਝ-ਮੁਹੱਬਤ ਤੋਂ ਪ੍ਰਤੱਖ ਹੈ, ਮੁਹੱਬਤ ਦਾ ਸਫ਼ਰ। ਮਰਦਾਨਾ ਜੀ ਮੁਹੱਬਤ ਦੇ ਇਸ ਸਫ਼ਰ ਦੌਰਾਨ 'ਭਾਈ' ਬਣ ਗਿਆ-ਜਗਤ ਗੁਰੂ ਨਾਨਕ ਦੇਵ ਜੀ ਤੇ ਸਮੁੱਚੀ ਸਿੱਖ ਕੌਮ ਦਾ। ਸਫ਼ਰਾਂ ਦੇ ਅਰੰਭ ਤੋਂ ਬਾਅਦ ਕਦੇ ਪਿੱਛੇ ਮੋਢਾ ਨਹੀਂ ਫੇਰਿਆ, ਬਲਕਿ ਭਾਈ ਮਰਦਾਨਾ ਜੀ ਨੇ ਫ਼ਰਜ਼ ਤੋਂ ਅਰਸ਼ ਤੀਕ ਦਾ ਸਫ਼ਰ ਸਹਿਜਤਾ ਨਾਲ ਕੀਤਾ।

ਬਹੁਤ ਸਾਰੇ ਅਗਿਆਨੀ ਪ੍ਰਚਾਰਕਾਂ ਨੇ ਭਾਈ ਮਰਦਾਨਾ ਜੀ ਬਾਰੇ ਨਾ ਪੜ੍ਹਿਆ ਤੇ ਨਾ ਹੀ ਅਨੋਖੇ ਸਫ਼ਰਾਂ ਦੇ ਰੂਹਾਨੀ ਸਾਥੀਆਂ ਦੀ ਮੁਹੱਬਤ ਨੂੰ ਮਹਿਸੂਸ ਕੀਤਾ। ਭਾਵੇਂ ਇਨ੍ਹਾਂ ਦੇ ਹਾਸੇ-ਮਜ਼ਾਕ ਨਾਲ ਮਰਦਾਨਾ ਜੀ ਦੀ ਲਾਸਾਨੀ ਸ਼ਖ਼ਸੀਅਤ ਨੂੰ ਕੋਈ ਫ਼ਰਕ ਨਹੀਂ ਪੈਣਾ। ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਰੱਬੀ-ਰਬਾਬੀ ਤੇ ਗੁਰੂ ਘਰ ਦੇ ਮੂਲ ਕੀਰਤਨੀਏ ਨੂੰ ਜਿਤਨਾ ਵੀ ਮਾਣ ਸਤਿਕਾਰ ਦੇਈਏ, ਓਨਾ ਹੀ ਥੋੜ੍ਹਾ ਹੈ। ਸੜਦੀ-ਬਲਦੀ ਲੋਕਾਈ ਦੀ ਚਿੰਤਾ ਬਾਰੇ ਗੁਰੂ ਨਾਨਕ ਸਾਹਿਬ ਹਰ ਸਮੇਂ ਡੂੰਘੇ ਚਿੰਤਨ 'ਚ ਲਿਵਲੀਨ ਰਹਿੰਦੇ। ਦੁਖੀਆਂ-ਦਰਦਮੰਦਾਂ ਦੀ ਸਾਰ ਲੈਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਦੀ ਕਰਤਾਰੀ ਜੋੜੀ ਆਪ ਕਸ਼ਟ ਸਹਾਰ, ਲੋਕਾਈ ਦੇ ਕਸ਼ਟ ਨਿਵਾਰਨ ਲਈ ਤਤਪਰ ਰਹੀ। ਸਾਖੀਕਾਰਾਂ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਦੀਵੀ ਸਾਥ ਦੇ ਚਰਨ ਪਰਸ ਤੇ ਇਲਾਹੀ ਦੀਦਾਰ ਕਰ ਕੇ ਲੋਕ ਨਿਹਾਲ ਹੁੰਦੇ ਸਨ।

ਸੁਲਤਾਨਪੁਰ ਲੋਧੀ ਦੇ ਮੋਦੀ ਗੁਰੂ ਨਾਨਕ ਸਾਹਿਬ ਜਦ ਸੰਸਾਰ ਦੇ ਕਰਤਾਰ-ਕਰਤਾਰ ਕਰਦੇ ਰੂਹਾਨੀ ਮੋਦੀ ਬਣ ਵਿਚਰਨ ਲੱਗੇ ਤਾਂ ਨਿਰੰਤਰ ਸਾਥ ਨਿਭਾਇਆ ਭਾਈ ਮਰਦਾਨਾ ਜੀ ਨੇ। ਦੇਸ਼-ਦੇਸ਼ਾਂਤਰ 'ਚ ਵਿਚਰ ਕੇ ਲੋਕਾਈ ਦੇ ਦਰਦ ਨੂੰ ਨੇੜਿਓਂ ਤੱਕਿਆ ਤੇ ਦੂਰ ਕੀਤਾ, ਗੁਰੂ ਨਾਨਕ ਦੇਵ ਜੀ ਨੇ। ਇਕ ਪਰਮਾਤਮਾ ਦੀ ਇਬਾਦਤ ਦਾ ਸੰਦੇਸ਼, ਸੁਹਿਤ ਕਰਨ ਤੇ ਮਾਨਵਤਾ ਦੇ ਭਲੇ ਲਈ ਵੰਡ ਛਕਣ ਦੀ ਪਿਰਤ ਪਾਈ, ਬਾਬੇ ਨਾਨਕ ਨੇ। ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਛੂਆ-ਛੂਤ ਦਾ ਭਰਮ ਦੂਰ ਕਰਨ ਲਈ ਬਤੌਰ ਰਬਾਬੀ ਭਾਈ ਮਰਦਾਨਾ ਜੀ ਨੂੰ ਸਫ਼ਰਾਂ ਦਾ ਸਾਥੀ ਬਣਾਇਆ, ਗੁਰੂ ਨਾਨਕ ਸਾਹਿਬ ਨੇ। ਗੁਰੂ ਨਾਨਕ ਦੇਵ ਜੀ ਦੇ ਅਨਿੰਨ ਸਿੱਖ ਸਨ ਭਾਈ ਮਰਦਾਨਾ ਜੀ ਇਸ ਸ਼ਰਧਾ ਪ੍ਰੇਮ ਕਾਰਨ ਹੀ ਸਭ ਤੋਂ ਪਹਿਲਾਂ 'ਭਾਈ' ਪਦਵੀ ਦੇ ਅਧਿਕਾਰੀ ਬਣੇ।

ਮਰਦਾਨੇ ਦਾ ਅਰਥ-ਮਰਦਾਨਹ, ਮਰਦਾ ਜੇਹਾ ਹੈ। ਮਰਦਾਨੇ ਦਾ ਅਰਥ 'ਸੂਰਮਾ' ਵੀ ਗੁਰਬਾਣੀ ਵਿਚ ਆਇਆ। ਜਿਵੇਂ : **'ਸੋਈ ਮਰਦੁ ਮਰਦੁ ਮਰਦਾਨਾ।'** (ਪੰਨਾ 1084) ਅਸਲ 'ਚ ਭਾਈ ਮਰਦਾਨਾ ਜੀ ਬਚਨ ਦੇ ਬਲੀ ਸਨ, ਜੋ ਗੁਰੂ ਨਾਨਕ ਦੇਵ ਜੀ ਨਾਲ ਮਰਦਾਂ ਵਾਂਗ ਕੀਤੇ ਬਚਨ ਅਖ਼ੀਰ ਤਕ ਨਿਭਾ ਗਏ। ਭਾਈ ਮਰਦਾਨਾ ਦੀ ਮਹਾਨ ਸ਼ਖ਼ਸੀਅਤ ਸਨ, ਜੋ ਖ਼ੁਦ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਵੀ ਗੁਰਮਤਿ ਦੇ ਗੁਹਜ ਭੇਦਾਂ-ਰਹੱਸਾਂ ਨੂੰ ਪ੍ਰਤੱਖ ਕਰਦੇ ਹਨ। ਗੁਰਮਤਿ ਵਿਚਾਰਧਾਰਾ, ਪਰੰਪਰਾ ਨਾਲ ਸਬੰਧਤ ਬਹੁਤੇ ਰਹੱਸ ਮਰਦਾਨਾ ਜੀ ਰਾਹੀਂ ਪ੍ਰਗਟ ਹੋਏ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮਰਦਾਨਾ' ਸ਼ਬਦ ਬੜੇ ਸਤਿਕਾਰ ਨਾਲ ਅੰਕਿਤ ਕੀਤਾ ਹੈ :

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ॥

ਧੁਰ ਕੀ ਬਾਣੀ ਨੂੰ ਰਬਾਬ ਨਾਲ ਗਾਇਨ ਕਰਨ ਸਦਕਾ ਹੀ ਭਾਈ ਮਰਦਾਨਾ ਜੀ ਗੁਰੂ-ਘਰ ਦੇ ਰਬਾਬੀ ਤੇ ਰਬਾਬੀ ਪਰੰਪਰਾ ਦੇ ਮੋਢੀ ਸਦਵਾਏ।

> **ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਜੀ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਸਿੱਖ ਧਰਮ ਨੂੰ ਉਨ੍ਹਾਂ ਦੀ ਦੇਣ ਮਹਾਨ ਹੈ...**

ਸੰਸਾਰ ਦਾ ਸਭ ਤੋਂ ਵੱਧ ਖ਼ੁਸ਼ਕਿਸਮਤ ਮਾਨਵ ਸੀ ਭਾਈ ਮਰਦਾਨਾ, ਜਿਸ ਨੂੰ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰ, ਮੁਹੱਬਤ, ਦੋਸਤੀ ਪ੍ਰਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਬ੍ਰਹਿਮੰਡੀ ਸ਼ਖ਼ਸੀਅਤ ਸਨ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਸਨ। ਭਾਈ ਮਰਦਾਨਾ ਵੀ ਸਾਥੀ ਵਜੋਂ ਨਾਲ ਰਹਿ ਕੇ ਜਾਤ, ਧਰਮ, ਖੇਤਰ, ਰੰਗ, ਨਸਲ ਦੀਆਂ ਦੀਵਾਰਾਂ ਨੂੰ ਤੋੜਦਾ ਹੋਇਆ ਸਾਗਰ ਰੂਪ ਹੋ ਗਿਆ। ਵੇਈਂ ਪ੍ਰਵੇਸ਼ ਉਪਰੰਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਕੇਤਕ-ਸੰਖੇਪ ਉਦੇਸ਼ ਤੇ ਸੰਦੇਸ਼ 'ਨਾ ਕੋਈ ਹਿੰਦੂ ਨ ਮੁਸਲਮਾਨ' ਮਾਨਵਤਾ ਨੂੰ ਦਿੱਤਾ ਸੀ, ਦਾ ਹੀ ਅਮਲੀ ਪ੍ਰਗਟਾਅ ਭਾਈ ਮਰਦਾਨਾ ਜੀ ਨੇ ਗੁਰੂ ਜੀ ਦਾ ਸੰਗ-ਸਾਥ ਨਿਭਾਉਂਦਿਆਂ ਕੀਤਾ।

ਭਾਈ ਮਰਦਾਨਾ ਜੀ ਨੇ ਘਰ-ਪਰਿਵਾਰ, ਬੱਚਿਆਂ, ਸਾਕ-ਸਬੰਧੀਆਂ ਦਾ ਵਿਛੋੜਾ ਝੱਲਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਾਥ ਨਿਭਾਉਣ ਖਾਤਰ, ਜਿਸ ਦੌਰਾਨ ਪੱਥਰ-ਦਿਲ ਮੋਮ ਬਣਦੇ, ਚੋਰ, ਠੱਗ ਤੇ ਰਾਖਸ਼ ਸਾਧ ਪ੍ਰਚਾਰਕ ਤੇ ਦੇਵਤੇ ਬਣਦੇ ਤੱਕੇ। ਮਰਦਾਨਾ ਜੀ ਨੇ ਬਾਬਰ ਦੇ ਹਮਲੇ ਸਮੇਂ ਭਾਰਤੀ ਲੋਕਾਂ ਦੀ ਦੁਰਦਸ਼ਾ ਨੂੰ ਅੱਖੀਂ ਤੱਕਿਆ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸੱਚ ਦੇ ਸੁਨੇਹੇ ਨੂੰ ਕੰਨੀਂ ਸੁਣਿਆ। ਤਲਵੰਡੀ ਰਾਇ ਭੋਇ, ਸੁਲਤਾਨਪੁਰ ਲੋਧੀ, ਐਮਨਾਬਾਦ, ਚਹੁੰ-ਪੰਡਾਂ ਦੇ ਭ੍ਰਮਣ ਸਮੇਂ ਗੁਰੂ ਜੀ ਦੇ ਸਾਥ ਨੂੰ ਮਾਣਿਆ, ਤੰਗੀਆਂ-ਤੁਰਛੀਆਂ ਨੂੰ ਹੰਢਾਇਆ, ਬਿਖੜੇ ਪੈਂਡੇ ਤੈਅ ਕੀਤੇ ਤੇ ਅੰਤ **'ਤੁੰ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ'** ਮੁਤਾਬਕ ਜੀਵਨ ਯਾਤਰਾ ਸਫਲ ਕਰ ਗਏ।

ਇਹ ਬੋਲ ਸੁਣਾਈ ਦੇਂਦੇ ਹਨ ਬਾਬਾ ਤੂੰ ਡੂਮ ਤੇ ਮੈਂ ਤੇਰਾ ਡੂਮ, ਫ਼ਰਕ ਕਿਤਨਾ ਹੈ? ਮੇਰੇ ਤੇਰੇ ਵਿਚ? ਗੁਰਬਾਣੀ ਦਾ ਪਾਵਨ ਸ਼ਬਦ **'ਤੇਰੀ ਮੇਰੀ ਮੇਰੀ ਤੇਰੀ ਅੰਤਰੁ ਕੈਸਾ...।'** ਜਗਤ ਗੁਰੂ ਨਾਨਕ ਦੇਵ ਜੀ ਜਿਸ ਸਮੇਂ ਹਉਮੈ-ਦੀਰਘ ਰੋਗ ਤੋਂ ਪੀੜਤ ਵਲੀ ਕੰਧਾਰੀ ਦਾ ਉਧਾਰ ਕਰਨ ਵਾਸਤੇ ਭਾਈ ਮਰਦਾਨਾ ਜੀ ਦੇ ਸਾਥ ਹਸਨ ਅਬਦਾਲ ਪੰਜਾ ਸਾਹਿਬ ਜਾਂਦੇ ਹਨ ਤਦ ਰੱਬੀ ਮੁਹੱਬਤ ਦੇ ਸਫ਼ਰ ਦੇ ਪਾਂਧੀ ਦੇ ਵਾਰਤਾਲਾਪ ਤੋਂ ਇਕਮਤਾ ਨੇੜਤਾ ਪ੍ਰਗਟ ਹੁੰਦੀ ਹੈ, ਉਸ ਦੀ ਦੂਸਰੀ ਉਦਾਹਰਣ ਮਿਲਣੀ ਮੁਸ਼ਕਲ ਹੈ। ਰੋਗੀ ਜੀਵਾਂ ਨੂੰ ਜੀਵਨ ਦਾਨ ਦੇਂਦੇ ਹੋਏ ਗੁਰੂ ਨਾਨਕ ਸਾਹਿਬ ਜਿੱਥੇ-ਜਿੱਥੇ ਅਸਾਧ ਰੋਗੀਆਂ ਦੀ ਦਸ ਪਈ ਉੱਥੇ ਪਹੁੰਚੇ। ਮਲਕ ਭਾਗੀ ਹਉਮੈ ਦਾ ਰੋਗੀ ਹੈ, ਉਸ ਪਾਸ ਪਹੁੰਚ ਗਏ। ਸੱਜਣ ਠੱਗ ਦਾ ਪਤਾ ਲੱਗਿਆ, ਉਸ ਨੂੰ ਸੱਜਣ ਬਣਾਉਣ ਵਾਸਤੇ ਆਪ ਅੱਪੜੇ। ਹਉਮੈ ਰੋਗੀ ਵਲੀ ਕੰਧਾਰੀ ਦੀ ਚਰਚਾ ਸੁਣੀ ਤਾਂ ਉਸ ਪਾਸ ਪਹੁੰਚ ਗਏ। ਵਲੀ ਕੰਧਾਰੀ ਨੂੰ ਧਾਰਮਿਕ ਹਉਮੈ ਦੇ ਰੋਗ ਤੋਂ ਮੁਕਤ ਕੀਤਾ-ਪਰ ਮੈਂ ਇਥੇ ਭਾਈ ਮਰਦਾਨਾ ਜੀ ਦੀ ਮੁਹੱਬਤ ਨੂੰ ਬਿਆਨ ਕਰਨਾ ਲੋਚਦਾ ਹਾਂ ਪਾਣੀ ਦੀ ਪਿਆਸ ਬੁਝਾਉਣ ਵਾਸਤੇ ਭਾਈ ਮਰਦਾਨਾ ਜੀ ਤਿੰਨ ਵਾਰ ਪਹਾੜੀ 'ਤੇ ਵਲੀ ਕੰਧਾਰੀ ਪਾਸ ਗਏ-ਤੀਸਰੀ ਵਾਰ ਵਲੀ ਕੰਧਾਰੀ ਨੇ ਭਾਈ ਮਰਦਾਨਾ ਦੇ ਨਾਲ ਗੁਰੂ ਨਾਨਕ ਸਾਹਿਬ ਨੂੰ ਵੀ ਮੰਦਾ ਬੋਲਿਆ, ਜੋ ਮਰਦਾਨਾ ਜੀ ਤੋਂ ਸਹਿਆ ਨਾ ਗਿਆ, ਓਏ ਹਉਮੈ ਦੇ ਰੋਗੀ ਵਲੀ ਕੰਧਾਰੀ! ਤੂੰ ਮਰਦਾਨੇ ਮਰਾਸੀ ਦਾ ਨਿਰਾਦਰ ਨਹੀਂ ਕੀਤਾ, ਤੂੰ ਗੁਰੂ ਨਾਨਕ ਦੇਵ ਜੀ ਦਾ ਨਿਰਾਦਰ ਕਰਨ ਦੀ ਹਿਮਾਕਤ ਕੀਤੀ ਜੋ ਮਨੁੱਖਤਾ ਦੇ ਗੁਰੂ ਹਨ। ਮਰਦਾਨਾ ਗੁਰਦੇਵ ਪਿਤਾ ਦੇ ਚਰਨਾਂ 'ਚ ਹਾਜ਼ਰ ਹੋਇਆ ਤੇ ਕਿਹਾ, 'ਬਾਬਾ ਜੀ ਆਪ ਦਾ ਕਹਿਣਾ ਸੀ ਕਿ ਵਲੀ ਰੱਬ ਦਾ ਪੁਜਾਰੀ ਹੈ, ਉਹ ਤਾਂ ਹੰਕਾਰ ਦਾ ਪੁਤਲਾ ਹੈ? ਉਸ ਨੇ ਮੇਰਾ ਨਹੀਂ ਮੇਰੇ ਗੁਰੂ ਦਾ ਅਪਮਾਨ ਕੀਤਾ ਹੈ, ਮੈਂ ਇਹ ਨਹੀਂ ਸਹਾਰ ਸਕਦਾ। ਗੁਰਦੇਵ, ਹੁਣ ਮੇਰੀ ਵੀ ਆਖ਼ਰੀ ਇੱਛਾ ਸੁਣ ਲਵੋ ਮੈਂ ਤੇਰੇ ਦਰ 'ਤੇ ਵਿਲਕ-ਵਿਲਕ ਕੇ ਮਰ ਜਾਵਾਂਗਾ ਪਰ ਪਰਾਏ ਬਾਰ ਦਰ 'ਤੇ ਨਹੀਂ ਜਾਵਾਂਗਾ। ਇਕ ਗੱਲ ਆਪ ਵੀ ਯਾਦ ਰੱਖਿਓ! ਕਿਸੇ ਨੇ ਇਹ ਨਹੀਂ ਕਹਿਣਾ ਮਰਦਾਨਾ ਤਿਹਾਇਆ ਮਰ ਗਿਆ, ਸਾਰੀ ਦੁਨੀਆ ਕਹੇਗੀ-ਗੁਰੂ ਨਾਨਕ ਦਾ ਮੁਰੀਦ ਪਾਣੀ ਤੋਂ ਪਿਆਸਾ ਮਰ ਗਿਆ ਤੇ ਆਪ ਉਸ ਨੂੰ ਪਾਣੀ ਨਹੀਂ ਪਿਆ ਸਕੇ। ਤੁਸੀਂ ਗੁਰਦੇਵ ਆਪਣੇ ਨ

ਦੁੱਧ 'ਚ ਖਸਖਸ ਦੇ ਫ਼ਾਇਦੇ

ਅੱਜ ਦੇ ਸਮੇਂ 'ਚ ਹਰ ਰੋਜ਼ ਨਵੀਆਂ- ਨਵੀਆਂ ਬਿਮਾਰੀਆਂ ਸੁਨਣ ਨੂੰ ਮਿਲਦੀਆਂ ਹਨ। ਗ਼ਲਤ ਖਾਣ- ਪੀਣ ਨਾਲ ਜਾਂ ਘੱਟ ਵੱਧ ਖਾਣ ਨਾਲ ਹਰ ਇਕ ਵਿਅਕਤੀ ਬਿਮਾਰੀ ਤੋਂ ਪਰੇਸ਼ਾਨ ਰਹਿੰਦਾ ਹੈ। ਇਸ ਦੌਰ 'ਚ ਤੰਦਰੁਸਤ ਰਹਿਣ ਲਈ ਸਹੀ ਭੋਜਨ ਖਾਣਾ ਅਤੇ ਘਰੇਲੂ ਨੁਸਖ਼ੇ ਬਹੁਤ ਜ਼ਰੂਰੀ ਹਨ। ਕਿਉਂ ਨਾ ਡਾਈਟ 'ਚ ਕੋਈ ਅਜਿਹੀ ਚੀਜ਼ ਲਈ ਜਾਵੇ ਜਿਸ ਦੇ ਖਾਣ ਤੋਂ ਬਾਅਦ ਕਈ ਬਿਮਾਰੀਆਂ ਤੋਂ ਬਚਾ ਕੀਤਾ ਜਾ ਸਕਦਾ ਹੈ। ਜੇ ਤੁਸੀਂ ਦੁੱਧ ਦੇ ਨਾਲ ਖਸਖਸ ਲੈਂਦੇ ਹੋ ਤਾਂ ਤੁਸੀਂ ਕਈ ਬਿਮਾਰੀਆਂ ਤੋਂ ਬੱਚ ਸਕਦੇ ਹੋ। ਖਸਖਸ 'ਚ ਓਮੈਗਾ-3, ਓਮੈਗਾ-6, ਫੈਟੀ ਐਸਿਡ, ਪ੍ਰੋਟੀਨ, ਫਾਇਬਰ ਆਦਿ ਪੌਸ਼ਟਿਕ ਤੱਤ ਹੁੰਦੇ ਨੇ ਜੋ ਸਰੀਰ ਨੂੰ ਤੰਦਰੁਸਤ ਰੱਖਣ 'ਚ ਮਦਦ ਕਰਦੇ ਹਨ।

* ਗਰਮੀਆਂ 'ਚ ਸਰੀਰ ਨੂੰ ਠੰਢ ਦੇਣ ਲਈ ਖਸਖਸ ਦੇ ਬੀਜ ਵਧੀਆ ਹੁੰਦੇ ਹਨ। ਇਹ ਸਰੀਰ ਦੇ ਤਾਪਮਾਨ ਨੂੰ ਘੱਟ ਕਰਦੇ ਹਨ ਅਤੇ ਸਰੀਰ ਨੂੰ ਗਰਮੀ ਤੋਂ ਬਚਾਉਂਦੇ ਹਨ।

- ਖਸਖਸ ਦਾ ਲੰਬੇ ਸਮੇਂ ਤਕ ਸੇਵਨ ਕਰਨ ਨਾਲ ਸਾਹ ਸਬੰਧੀ ਸਮੱਸਿਆਵਾਂ ਤੋਂ ਵੀ ਛੁਟਕਾਰਾ ਮਿਲਦਾ ਹੈ। ਇਸ ਤੋਂ ਇਲਾਵਾ ਇਹ ਸਰਦੀ-ਜ਼ੁਕਾਮ ਨੂੰ ਵੀ ਘੱਟ ਕਰਨ 'ਚ ਮਦਦ ਕਰਦਾ ਹੈ।
- ਰਾਤ ਨੂੰ ਸੋਣ ਤੋਂ ਪਹਿਲਾਂ ਦੁੱਧ 'ਚ ਖਸਖਸ ਪਾ ਕੇ ਪੀਣ ਨਾਲ ਅਨਿੰਦਰੇ ਦੀ ਸਮੱਸਿਆ ਤੋਂ ਰਾਹਤ ਪਾਈ ਜਾ ਸਕਦੀ ਹੈ।
- ਖਸਖਸ 'ਚ ਕਾਫ਼ੀ ਮਾਤਰਾ 'ਚ ਫਾਇਬਰ ਹੁੰਦਾ ਹੈ ਜੋ ਕਬਜ਼ ਦੀ ਸਮੱਸਿਆ ਨਹੀਂ ਹੋਣ ਦਿੰਦਾ। ਬਲੱਡ ਪ੍ਰੈਸ਼ਰ ਦੇ ਮਰੀਜ਼ ਦੇ ਲਈ ਖਸਖਸ ਦਾ ਸੇਵਨ ਕਾਫ਼ੀ ਫ਼ਾਇਦੇਮੰਦ ਹੈ। ਇਸ 'ਚ ਮੌਜੂਦ ਪੋਟਾਸ਼ੀਅਮ ਬੀਪੀ ਨੂੰ ਕੰਟਰੋਲ ਕਰਨ ਵਿਚ ਮਦਦ ਕਰਦਾ ਹੈ।
- ਇਸ ਦੇ ਸੇਵਨ ਨਾਲ ਡਿਪਰੈਸ਼ਨ ਤੋਂ ਰਾਹਤ ਮਿਲਦੀ ਹੈ। ਇਸ ਨੂੰ ਦੁੱਧ ਦੇ ਨਾਲ ਖਾਣ ਨਾਲ ਸਰੀਰ 'ਚ ਖ਼ੂਨ ਦੀ ਘਾਟ ਦੂਰ ਹੁੰਦੀ ਹੈ ਅਤੇ ਅਨੀਮੀਆ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ ਤੇ ਇਸ ਦੇ ਨਾਲ ਖਸਖਸ 'ਚ ਮੌਜੂਦ ਤੱਤ ਕਿਡਨੀ 'ਚ ਪੱਥਰੀ ਬਨਣ ਤੋਂ ਰੋਕਦੇ ਹਨ।

ਭਾਰ ਨੂੰ ਨਾ ਕਰੋ ਅਣਗੌਲਿਆ

ਜ਼ਿਆਦਾਤਰ ਔਰਤਾਂ ਵੱਧ ਭਾਰ ਦੀ ਸਮੱਸਿਆ ਤੋਂ ਪਰੇਸ਼ਾਨ ਹਨ। ਭਾਰ ਘਟਾਉਣ ਲਈ ਖਸਖਸ ਦੇ ਬੀਜ ਬਹੁਤ ਫ਼ਾਇਦੇਮੰਦ ਹਨ ਕਿਉਂਕਿ ਇਸ 'ਚ ਓਮੈਗਾ-3 ਤੇ ਫੈਟੀ ਐਸਿਡ ਹੁੰਦੇ ਹਨ ਜੋ ਭਾਰ ਘੱਟ ਕਰਨ 'ਚ ਮਦਦ ਕਰਦਾ ਹੈ। ਹਰ ਰੋਜ਼ ਕੁੱਝ ਦਾਣੇ ਖਸਖਸ ਦੇ ਖਾਓ। ਇਸ ਨੂੰ ਖਾਣ ਨਾਲ ਜੋੜਾਂ ਦਾ ਦਰਦ ਵੀ ਠੀਕ ਹੁੰਦਾ ਹੈ।

ਨਿਪਾਹ ਵਾਇਰਸ ਦਾ ਕਹਿਰ

ਜਗਜੀਤ ਸਿੰਘ ਬੁੱਟਰ

ਹੁਣ ਤਕ ਕੇਰਲ 'ਚ ਨਿਪਾਹ ਵਾਇਰਸ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 16 ਹੋ ਚੁੱਕੀ ਹੈ। ਇੱਥੇ 14 ਹੋਰ ਨਵੇਂ ਮਾਮਲੇ ਸਾਹਮਣੇ ਆਏ ਹਨ। 160 ਮਰੀਜ਼ਾਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ...

ਭਾਰਤ ਦੇ ਲੋਕ ਇਸ ਸਮੇਂ ਕਈ ਭਿਆਨਕ ਬਿਮਾਰੀਆਂ ਨਾਲ ਜੂਝ ਰਹੇ ਹਨ। ਪਹਿਲਾਂ ਕਿਹਾ ਜਾਂਦਾ ਸੀ ਕਿ ਏਡਜ਼, ਹੈਪੇਟਾਈਟਸ, ਕੈਂਸਰ, ਟੀਬੀ ਆਦਿ ਬਿਮਾਰੀਆਂ ਨੂੰ ਲਾਇਲਾਜ ਦੱਸਿਆ ਜਾਂਦਾ ਸੀ। ਮੈਡੀਕਲ ਜਗਤ ਨਾਲ ਜੁੜੇ ਵਿਗਿਆਨੀਆਂ ਨੇ ਇਨ੍ਹਾਂ ਬਿਮਾਰੀਆਂ ਦਾ ਇਲਾਜ ਵੀ ਲੱਭ ਲਿਆ। ਇਸ ਸਮੇਂ ਇਕ ਨਵੇਂ ਵਾਇਰਸ ਨੇ ਲੋਕਾਂ ਨੂੰ ਵਖਤ ਪਾ ਰੱਖਿਆ ਹੈ। ਇਸ ਵਾਇਰਸ ਨੂੰ ਨਿਪਾਹ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੱਖਣੀ ਭਾਰਤ ਵਿਚ ਇਸ ਵਾਇਰਸ ਨੇ ਲੋਕਾਂ ਨੂੰ ਬਹੁਤ ਜ਼ਿਆਦਾ ਪਰੇਸ਼ਾਨ ਕਰ ਰੱਖਿਆ ਹੈ। ਇਹ ਵਾਇਰਸ ਹੌਲੀ-ਹੌਲੀ ਪੂਰੇ ਭਾਰਤ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਹੈ। ਚਿੰਤਾ ਦੀ ਗੱਲ ਤਾਂ ਇਹ ਹੈ ਕਿ ਵਿਗਿਆਨੀਆਂ ਵੱਲੋਂ ਇਸ ਰੋਗ ਦਾ ਤੋੜ ਅਜੇ ਤਕ ਨਹੀਂ ਲੱਭਿਆ ਜਾ ਸਕਿਆ। ਨਿਪਾਹ ਵਾਇਰਸ ਕਾਰਨ ਲੋਕਾਂ 'ਚ ਡਰ ਫੈਲ ਰਿਹਾ ਹੈ। ਇਸ ਰੋਗ ਦੇ ਬਚਾਅ ਲਈ ਰਾਜਸਥਾਨ, ਹਰਿਆਣਾ, ਚੰਡੀਗੜ੍ਹ, ਕਰਨਾਟਕ, ਸਿੱਕਮ ਸਮੇਤ ਕਈ ਰਾਜਾਂ ਨੇ ਚਿਤਾਵਨੀਆਂ ਵੀ ਜਾਰੀ ਕੀਤੀਆਂ ਹਨ। ਹੁਣ ਤਕ ਕੇਰਲ ਵਿਚ ਨਿਪਾਹ ਵਾਇਰਸ ਨਾਲ ਮਰਨ ਵਾਲੇ ਵਿਅਕਤੀਆਂ ਦੀ ਗਿਣਤੀ 16 ਹੋ ਚੁੱਕੀ ਹੈ। ਇੱਥੇ 14 ਹੋਰ ਨਵੇਂ ਮਾਮਲੇ ਸਾਹਮਣੇ ਆਏ ਹਨ। ਕੋਝੀਕੋਡ ਮੈਡੀਕਲ ਕਾਲਜ ਵਿਚ 136 ਮਰੀਜ਼ਾਂ ਦਾ ਇਲਾਜ ਚੱਲ ਰਿਹਾ ਹੈ। 160 ਮਰੀਜ਼ਾਂ ਦੇ ਸੈਂਪਲ ਜਾਂਚ ਲਈ ਭੇਜੇ ਗਏ ਹਨ। 22 ਦੀ ਰਿਪੋਰਟ ਆਈ ਹੈ। ਇਨ੍ਹਾਂ ਵਿਚ 14 ਨੂੰ ਨਿਪਾਹ ਵਾਇਰਸ ਦੀ ਪੁਸ਼ਟੀ ਹੋਈ ਹੈ। ਇਹ ਰਿਪੋਰਟ ਕੁੱਝ ਦਿਨ ਪਹਿਲਾਂ ਦੀ ਹੈ। ਤਾਜ਼ਾ ਰਿਪੋਰਟ 'ਚ ਮਰੀਜ਼ਾਂ ਦੀ ਗਿਣਤੀ ਹੋਰ ਵੀ ਵੱਧ ਸਕਦੀ ਹੈ। ਇਸ ਤੋਂ ਇਲਾਵਾ ਇਹ ਰੋਗ ਹੌਲੀ-ਹੌਲੀ ਸਮੁੱਚੇ ਭਾਰਤ ਨੂੰ ਆਪਣੇ ਕਲਾਵੇ ਵਿਚ ਲੈ ਰਿਹਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਿਊਐੱਚਓ) ਅਨੁਸਾਰ ਨਿਪਾਹ ਵਾਇਰਸ ਇਕ ਅਜਿਹਾ ਵਾਇਰਸ ਹੈ ਜੋ ਜਾਨਵਰਾਂ ਤੋਂ ਇਨਸਾਨਾਂ ਵਿਚ ਫੈਲ ਸਕਦਾ ਹੈ। ਇਹ ਜਾਨਵਰਾਂ ਅਤੇ ਇਨਸਾਨਾਂ ਦੋਵਾਂ ਲਈ ਗੰਭੀਰ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। 'ਨਿਪਾਹ ਵਾਇਰਸ' ਖ਼ਾਸ ਤੌਰ 'ਤੇ ਚਮਗਿੱਦੜਾਂ ਤੋਂ ਪੈਦਾ ਹੋਇਆ ਹੈ, ਜੋ ਇਨਸਾਨ ਨੂੰ ਆਪਣੀ ਲਪੇਟ 'ਚ ਜਲਦੀ ਲੈਂਦਾ ਹੈ। ਇਸ ਵਾਇਰਸ ਦਾ ਮੁੱਖ ਸਰੋਤ ਚਮਗਿੱਦੜ ਹਨ ਜੋ ਫਲ਼ ਖਾਂਦੇ ਹਨ। ਅਜਿਹੇ ਚਮਗਿੱਦੜਾਂ ਨੂੰ ਫਲਾਇੰਗ ਫੌਕਸ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਦਰੱਖਤ 'ਤੇ ਲੱਗੇ ਫਲ਼ਾਂ ਨੂੰ ਖਾ ਕੇ ਸੰਕਰਮਿਤ ਕਰ ਦਿੰਦਾ ਹੈ। ਜਦੋਂ ਦਰੱਖ਼ਤ ਤੋਂ ਡਿੱਗੇ ਇਨ੍ਹਾਂ ਫਲ਼ਾਂ ਨੂੰ ਇਨਸਾਨ ਖਾ ਲੈਂਦਾ ਹੈ ਤਾਂ ਉਹ ਇਸ ਬਿਮਾਰੀ ਦੀ ਲਪੇਟ 'ਚ ਆ ਜਾਂਦਾ ਹੈ। 'ਨਿਪਾਹ ਵਾਇਰਸ' ਇਕ ਤਰ੍ਹਾਂ ਛੂਤ ਦਾ ਰੋਗ ਹੈ। ਇਸ ਨੂੰ ਮੈਡੀਕਲ ਜਗਤ 'ਚ ਐੱਨਆਈਵੀ ਦੇ ਨਾਂ ਵਜੋਂ ਜਾਣਿਆ ਜਾਂਦਾ ਹੈ। ਐੱਨਆਈਵੀ ਦਾ ਸਭ ਤੋਂ ਪਹਿਲਾਂ ਕੇਸ ਸੰਨ 1998 'ਚ ਮਲੇਸ਼ੀਆ ਦੇ ਕੰਪੰਗ ਸੰਗਾਈ 'ਚ ਸਾਹਮਣੇ ਆਇਆ ਸੀ। ਉੱਥੇ ਹੀ ਇਸ ਵਾਇਰਸ ਨੂੰ ਇਹ ਨਾਂ ਮਿਲਿਆ ਹੈ। ਉਸ ਸਮੇਂ ਇਸ ਬਿਮਾਰੀ ਦੇ ਜਨਮਦਾਤਾ ਸੂਰ ਸਨ। ਇਸ ਤੋਂ ਬਾਅਦ ਇਸ ਵਾਇਰਸ ਦੇ ਮਾਮਲੇ ਦੱਖਣੀ ਏਸ਼ੀਆ ਦੇਸ਼ਾਂ ਭਾਰਤ, ਬੰਗਲਾਦੇਸ਼, ਮਲੇਸ਼ੀਆ ਅਤੇ ਸਿੰਗਾਪੁਰ 'ਚ ਪਾਏ ਗਏ। ਭਾਰਤ 'ਚ ਨਿਪਾਹ ਵਾਇਰਸ ਦਾ ਪਹਿਲਾਂ ਮਾਮਲਾ 17 ਸਾਲ ਪਹਿਲਾਂ 2001 'ਚ ਪੱਛਮੀ ਬੰਗਾਲ ਦੇ ਸਿਲੀਗੁੜੀ 'ਚ ਪਾਇਆ ਗਿਆ। ਇਸ ਦੌਰਾਨ 66 ਵਿਅਕਤੀ ਨਿਪਾਹ ਵਾਇਰਸ ਨਾਲ ਪ੍ਰਭਾਵਿਤ ਹੋਏ ਸਨ। ਉਨ੍ਹਾਂ ਵਿਚੋਂ ਉਚਿਤ ਇਲਾਜ ਨਾ ਮਿਲਣ ਕਾਰਨ 45 ਜਣਿਆਂ ਦੀ ਮੌਤ ਹੋ ਗਈ ਸੀ। ਉੱਥੇ ਹੀ ਨਿਪਾਹ ਵਾਇਰਸ ਦਾ ਦੂਜਾ ਹਮਲਾ ਸੰਨ 2007 'ਚ ਪੱਛਮੀ ਬੰਗਾਲ ਦੇ ਨਦੀਆਂ 'ਚ ਦਰਜ ਕੀਤਾ ਗਿਆ, ਇਸ ਵਾਇਰਸ ਨਾਲ ਪੰਜਾਂ ਜਣਿਆਂ ਦੀ ਮੌਤ ਹੋਈ ਸੀ। ਡਾਕਟਰਾਂ ਅਨੁਸਾਰ ਨਿਪਾਹ ਵਾਇਰਸ ਦੀ ਲਪੇਟ 'ਚ ਆਉਣ ਵਾਲੇ ਵਿਅਕਤੀ ਨੂੰ ਤੇਜ਼ ਬੁਖ਼ਾਰ, ਦਿਮਾਗ਼ ਜਾਂ ਸਿਰ 'ਚ ਤੇਜ਼ ਜਲਣ, ਦਿਮਾਗ਼ 'ਚ ਸੋਜ ਅਤੇ ਦਰਦ, ਮਾਨਸਿਕ ਵਹਿਮ, ਸਾਹ ਲੈਣ 'ਚ ਪਰੇਸ਼ਾਨੀ ਆਉਂਦੀ ਹੈ। ਇਨਫੈਕਸ਼ਨ ਵਧਣ ਨਾਲ ਮਰੀਜ਼ ਕੋਮਾ 'ਚ ਵੀ ਜਾ ਸਕਦਾ ਹੈ। ਇਸ ਤੋਂ ਬਾਅਦ ਵਿਅਕਤੀ ਦੀ ਮੌਤ ਹੋ ਜਾਂਦੀ ਹੈ। ਇਹ ਵਾਇਰਸ ਇਨਸੈਫਲਾਈਟਿਸ ਸਿੰਡਰੋਮ ਜ਼ਰੀਏ ਬਹੁਤ ਤੇਜ਼ੀ ਨਾਲ ਫੈਲਦਾ ਹੈ। ਇਸ ਵਾਇਰਸ ਦੀ ਲਪੇਟ 'ਚ ਆਉਣ ਤੋਂ ਬਾਅਦ ਬਹੁਤ ਸਾਰੇ ਮਰੀਜ਼ਾਂ ਨੂੰ ਇਲਾਜ ਦੌਰਾਨ ਆਈਸੀਯੂ ਤੇ ਵੈਂਟੀਲੇਟਰ ਦੀ ਜ਼ਰੂਰਤ ਪੈਂਦੀ ਹੈ। 5 ਤੋਂ 14 ਦਿਨਾਂ ਤਕ ਇਸ ਦੀ ਲਪੇਟ 'ਚ ਆਉਣ ਪਿੱਛੋਂ ਇਹ ਵਾਇਰਸ ਤੇਜ਼ ਬੁਖ਼ਾਰ ਅਤੇ ਸਿਰਦਰਦ ਦਾ ਕਾਰਨ ਬਣ ਸਕਦਾ ਹੈ। ਇਹ ਲੱਛਣ 24-48 ਘੰਟਿਆਂ 'ਚ ਮਰੀਜ਼ ਨੂੰ ਕੋਮਾ 'ਚ ਪਹੁੰਚਾ ਸਕਦੇ ਹਨ। ਇਕ ਤੰਦਰੁਸਤ ਵਿਅਕਤੀ ਨੂੰ ਨਿਪਾਹ ਵਾਇਰਸ ਦਾ ਸ਼ਿਕਾਰ ਵਿਅਕਤੀ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਪੀੜਤ ਨੂੰ ਜੇ ਮਿਲਣਾ ਹੀ ਪਵੇ ਤਾਂ ਬਾਅਦ 'ਚ ਸਾਬਣ ਨਾਲ ਆਪਣੇ ਹੱਥਾਂ ਨੂੰ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। ਆਮ ਤੌਰ 'ਤੇ ਪਸ਼ਾਨਿਆਂ 'ਚ ਵਰਤੀਆਂ ਜਾਣ ਵਾਲੀਆਂ ਚੀਜ਼ਾਂ, ਜਿਵੇਂ ਬਾਲਟੀ ਅਤੇ ਮੱਗ ਆਦਿ ਨੂੰ ਖ਼ਾਸ ਤੌਰ 'ਤੇ ਸਾਫ਼ ਰੱਖੋ। ਨਿਪਾਹ ਬੁਖ਼ਾਰ ਨਾਲ ਮਰਨ ਵਾਲੇ ਵਿਅਕਤੀ ਨੂੰ ਗਲ਼ੇ ਲਗਾਉਣ ਤੋਂ ਬਚੋ ਅਤੇ ਉਸ ਦੇ ਅੰਤਿਮ ਸਸਕਾਰ ਤੋਂ ਪਹਿਲਾਂ ਸਰੀਰ ਨੂੰ ਨਹਾਉਂਦੇ ਸਮੇਂ ਸਾਵਧਾਨੀ ਵਰਤੋ। ਆਪਣੇ ਪਾਲਤੂ ਜਾਨਵਰਾਂ ਨੂੰ ਵੀ ਇਨਫੈਕਸ਼ਨ ਵਾਲੇ ਜਾਨਵਰਾਂ, ਸੰਕਰਮਿਤ ਇਲਾਕਿਆਂ ਜਾਂ ਸੰਕਰਮਿਤ ਵਿਅਕਤੀ ਤੋਂ ਦੂਰ ਰੱਖੋ। ਜੇ ਜ਼ਰਾ ਵੀ ਬੁਖ਼ਾਰ ਦਾ ਅਨੁਭਵ ਹੋਵੇ ਜਾਂ ਫਿਰ ਸਾਹ ਲੈਣ 'ਚ ਦਿੱਕਤ ਲੱਗੇ ਤਾਂ ਤੁਰੰਤ ਡਾਕਟਰ ਨੂੰ ਮਿਲੋ। ਜੇ ਵੇਖਿਆ ਜਾਵੇ ਤਾਂ ਇਸ ਰੋਗ ਦਾ ਅਜੇ ਤਕ ਇਲਾਜ ਨਹੀਂ ਲੱਭਿਆ ਜਾ ਸਕਿਆ ਪਰ ਡਾਕਟਰ ਪੂਰੀ ਜ਼ਿੰਮੇਵਾਰੀ ਨਾਲ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਡਾਕਟਰਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਇਸ ਵਾਇਰਸ ਪ੍ਰਤੀ ਜਾਗਰੂਕ ਹੋਣਾ ਪਵੇਗਾ। ਜੋ ਡਾਕਟਰ ਉਨ੍ਹਾਂ ਨੂੰ ਇਸ ਵਾਇਰਸ ਤੋਂ ਬਚਾਅ ਲਈ ਟਿਪਸ ਦੱਸਦੇ ਹਨ, ਉਨ੍ਹਾਂ ਨੂੰ ਪੂਰੀ ਤਰ੍ਹਾਂ ਅਪਣਾਉਣਾ ਪਵੇਗਾ। ਇਸ ਦੇ ਨਾਲ ਹੀ ਕੇਂਦਰੀ ਸਿਹਤ ਮੰਤਰਾਲੇ ਨੇ ਵੀ ਨਿਪਾਹ ਵਾਇਰਸ ਤੋਂ ਸਾਵਧਾਨ ਰਹਿਣ ਲਈ ਆਮ ਲੋਕਾਂ ਤੇ ਡਾਕਟਰਾਂ ਲਈ ਐਡਵਾਇਜ਼ਰੀ ਜਾਰੀ ਕੀਤੀ ਹੈ ਪਰ ਸਿਰਫ਼ ਐਡਵਾਇਜ਼ਰੀ ਜਾਰੀ ਕਰ ਕੇ ਹੀ ਸਰਕਾਰ ਦੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਜੇ ਦੇਸ਼ ਵਾਸੀਆਂ ਨੂੰ ਇਸ ਰੋਗ ਤੋਂ ਬਚਾਉਣਾ ਹੈ ਤਾਂ ਸਰਕਾਰ ਨੂੰ ਇਸ ਲਈ ਢੁੱਕਵੇਂ ਪ੍ਰਬੰਧ ਕਰਨੇ ਪੈਣਗੇ। ਸਰਕਾਰ ਨੂੰ ਇਸ ਵਾਇਰਸ ਦਾ ਇਲਾਜ ਲੱਭਣ ਲਈ ਜ਼ਰੂਰੀ ਪੱਧਰ 'ਤੇ ਖੋਜ ਕਾਰਜ ਕਰਵਾਉਣੇ ਪੈਣਗੇ। ਨਾਲ ਇਨ੍ਹਾਂ ਖੋਜ ਕਾਰਜਾਂ ਲਈ ਵਿਸ਼ੇਸ਼ ਫੰਡ ਰੱਖਣਾ ਚਾਹੀਦਾ ਹੈ। ਸੌ ਲੋੜ ਹੈ ਸਮੇਂ ਦੀਆਂ ਸਰਕਾਰਾਂ ਇਸ ਵਾਇਰਸ ਪ੍ਰਤੀ ਚੌਕਸ ਹੋਣ ਦੀ। ਜੇ ਸਮੇਂ ਸਿਰ ਕੋਈ ਢੁੱਕਵੇਂ ਪ੍ਰਬੰਧ ਨਾ ਕੀਤੇ ਗਏ ਤਾਂ ਇਸ ਵਾਇਰਸ ਦਾ ਪ੍ਰਕੋਪ ਪੂਰੇ ਦੇਸ਼ 'ਚ ਫੈਲ ਜਾਵੇਗਾ ਅਤੇ ਇਸ ਦਾ ਖਮਿਆਜਾ ਸਮੁੱਚੇ ਦੇਸ਼ ਨੂੰ ਭੁਗਤਣਾ ਪਵੇਗਾ।

9991610582

ਡਾਕਟਰਾਂ ਅਨੁਸਾਰ ਨਿਪਾਹ ਵਾਇਰਸ ਦੀ ਲਪੇਟ 'ਚ ਆਉਣ ਵਾਲੇ ਵਿਅਕਤੀ ਨੂੰ ਤੇਜ਼ ਬੁਖ਼ਾਰ, ਸਿਰ 'ਚ ਤੇਜ਼ ਜਲਨ, ਦਿਮਾਗ਼ 'ਚ ਸੋਜ ਅਤੇ ਦਰਦ, ਮਾਨਸਿਕ ਵਹਿਮ, ਸਾਹ ਲੈਣ 'ਚ ਪਰੇਸ਼ਾਨੀ ਆਉਂਦੀ ਹੈ...

ਕੰਨਾਂ ਦਾ ਰੱਖੋ ਖ਼ਿਆਲ

ਕੰਨ ਸਰੀਰ ਦਾ ਮਹੱਤਵਪੂਰਨ ਅੰਗ ਹਨ। ਕੰਨ ਵਿਚ ਹੋਣ ਵਾਲੀ ਛੋਟੀ ਤੋਂ ਛੋਟੀ ਸਮੱਸਿਆ ਬਹੁਤ ਪਰੇਸ਼ਾਨ ਕਰ ਦਿੰਦੀ ਹੈ ਜਿਵੇਂ ਕਈ ਵਾਰ ਤਾਂ ਘੱਟ ਸੁਨਣਾ ਤੇ ਕਈ ਵਾਰ ਸੁਨਣਾ ਹੀ ਬੰਦ ਹੋ ਜਾਂਦਾ ਹੈ ਜੋ ਗੰਭੀਰ ਪਰੇਸ਼ਾਨੀ ਦਾ ਸੰਕੇਤ ਹੁੰਦਾ ਹੈ। ਇਸ ਕਰਕੇ ਆਪਣੇ ਸਰੀਰ ਦਾ ਧਿਆਨ ਰੱਖਣਾ ਬਹੁਤ ਹੀ ਜ਼ਰੂਰੀ ਹੈ। ਸਵੀਮਰ ਏਅਰ ਅਜਿਹੀ ਸਮੱਸਿਆ ਹੈ, ਜਿਸ ਨੇ ਅਨੇਕਾਂ ਲੋਕਾਂ ਨੂੰ ਆਪਣੀ ਲਪੇਟ 'ਚ ਲਿਆ ਹੈ। ਜਦੋਂ ਕੰਨਾ ਵਿਚ ਪਾਣੀ ਪੈ ਜਾਂਦਾ ਹੈ ਤਾਂ ਉਥੇ ਬੈਕਟੀਰੀਆ ਦੇ ਜਮਾ ਹੋਣ ਦਾ ਖ਼ਤਰਾ ਵੀ ਵੱਧ ਜਾਂਦਾ ਹੈ। ਇਹ ਸਮੱਸਿਆ ਕਿਸੇ ਵੀ ਵਰਗ ਦੇ ਵਿਅਕਤੀ ਨੂੰ ਹੋ ਸਕਦੀ ਹੈ ਪਰ ਜ਼ਿਆਦਾਤਰ ਇਹ ਸਮੱਸਿਆ ਔਰਤਾਂ ਨੂੰ ਹੁੰਦੀ ਹੈ। ਤੈਰਾਕੀ ਦੇ ਇਲਾਵਾ ਇਹ ਕੰਨਾਂ ਦੀ ਜ਼ਿਆਦਾ ਸਫ਼ਾਈ ਕਰਨ ਜਾਂ ਹੈੱਡਫੋਨ ਦੀ ਵਰਤੋਂ ਕਰਨ ਨਾਲ ਵੀ ਹੋ ਸਕਦੀ ਹੈ। ਵਧੀਆ ਹੋਵੇਗਾ ਕਿ ਤੁਸੀਂ ਅਜਿਹੇ ਹੈੱਡਫੋਨ ਦੀ ਵਰਤੋਂ ਕਰੋ ਜੋ ਕੰਨ ਦੇ ਅੰਦਰ ਜਾਣ ਦੀ ਬਜਾਏ ਪੂਰੀ ਤਰ੍ਹਾਂ ਕੰਨ ਨੂੰ ਢੱਕ ਦੇ ਹੋਣ। ਕੋਸ਼ਿਸ਼ ਕਰੋ ਕਿ ਕੰਨਾਂ ਵਿਚ ਪਾਣੀ ਨਾ ਜਾਵੇ ਜੇ ਚੱਲ ਵੀ ਜਾਂਦਾ ਹੈ ਤਾਂ ਉਸ ਨੂੰ ਤੋਲਿਏ ਜਾਂ ਕੱਪੜੇ ਨੂੰ ਕੰਨ ਵਿਚ ਪਾਉਣ ਦੀ ਕੋਸ਼ਿਸ਼ ਨਾ ਕਰੋ। ਕੰਨਾਂ ਨੂੰ ਸੁਕਾਉਣ ਦੇ ਲਈ ਵਾਰੀ-ਵਾਰੀ ਦੋਨਾਂ ਕੰਨਾਂ ਦੇ ਵੱਲ ਸਿਰ ਨੂੰ ਝੁਕਾਓ। ਤੁਸੀਂ ਕੰਨ ਨੂੰ ਸੁਕਾਉਣ ਲਈ ਹੇਅਰਡ੍ਰਾਇਰ ਨੂੰ ਕੂਲ ਸੈਟਿੰਗ 'ਤੇ ਕਰਕੇ ਵਰਤ ਸਕਦੇ ਹੋ।



ਏਅਰ ਬਡ ਦਾ ਇਸਤਮਾਲ ਨਾ ਕਰੋ

ਕੰਨ ਨੂੰ ਸੁਕਾਉਣ ਲਈ ਤੁਸੀਂ ਕਈ ਵਾਰ ਏਅਰ ਬਡ ਦੀ ਵਰਤੋਂ ਕਰ ਲੈਂਦੇ ਹੋ ਪਰ ਇਹ ਸਹੀ ਨਹੀਂ ਹੈ। ਇਸ ਨਾਲ ਕੰਨਾਂ ਨੂੰ ਸਾਫ਼ ਕਰ ਕੇ ਸੰਤੁਸ਼ਟੀ ਮਹਿਸੂਸ ਹੋ ਸਕਦੀ ਹੈ ਪਰ ਅਜਿਹਾ ਕਰਦੇ ਸਮੇਂ ਕੰਨ ਦੀ ਵੈਕਸ ਹੋਰ ਅੰਦਰ ਜਾ ਕੇ ਫੱਸ ਜਾਂਦੀ ਹੈ। ਇਸ ਨਾਲ ਗੰਭੀਰ ਸਮੱਸਿਆ ਹੋ ਸਕਦੀ ਹੈ ਜਿਵੇਂ ਘੱਟ ਸੁਨਣਾ, ਕੰਨ ਵਿਚ ਪਾਣੀ ਜਾਣ 'ਤੇ ਉਹ ਆਪ ਹੀ ਸਾਫ਼ ਹੋ ਜਾਵੇਗੀ। ਇਸ ਦੇ ਲਈ ਏਅਰ ਬਡ ਦੀ ਵਰਤੋਂ ਨਾ ਕਰੋ। ਜੇ ਤੁਸੀਂ ਕੰਨ ਸਾਫ਼ ਕਰਨਾ ਚਾਹੁੰਦੇ ਹੋ ਤਾਂ ਕੰਨਾਂ ਦੇ ਡਾਕਟਰ ਕੋਲ ਜਾਓ, ਜੇ ਤੁਹਾਡੇ ਕੰਨ ਨੂੰ ਸੁਰੱਖਿਆਤ ਢੰਗ ਨਾਲ ਸਾਫ਼ ਕਰ ਸਕਦੇ ਹਨ। ਉਮਰ ਵਧਣ ਨਾਲ ਇਹ ਰੁੱਖੇ ਵੀ ਪੇਣ ਲੱਗ ਜਾਂਦੇ ਹਨ। ਅਜਿਹੇ ਵਿਚ ਕੰਨਾਂ ਦੇ ਐਕਸਪਰਟ ਦੀ ਸਲਾਹ ਲੈਣੀ ਚਾਹੀਦੀ ਹੈ।

ਚੰਗੀ ਸਿਹਤ ਲਈ ਜ਼ਰੂਰੀ ਹੈ ਜਾਗਰੂਕਤਾ

ਲਾ

ਪਟਿਆਲਾ ਪੁਲਿਸ ਵੱਲੋਂ ਮੋਬਾਇਲ ਟਾਵਰਾਂ ਤੋਂ ਸੈਸਟਿਵ ਉਪਕਰਨ ਚੋਰੀ ਕਰਨ ਵਾਲੇ ਅੰਤਰਰਾਜੀ ਗਿਰੋਹ ਦੇ ਅੱਠ ਮੈਂਬਰ ਕਾਬੂ

ਪਟਿਆਲਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਰੁਣ ਸ਼ਰਮਾ ਆਈ ਪੀ ਐਸ ਸੀਨੀਅਰ ਕਪਤਾਨ ਪੁਲਿਸ ਪਟਿਆਲਾ ਨੇ ਦੱਸਿਆ ਕਿ ਮੋਬਾਈਲ ਟਾਵਰਾਂ ਤੋਂ ਸੈਸਟਿਵ ਟੈਕਨੀਕਲ ਉਪਕਰਨਾਂ ਜਿਵੇਂ ਕਿ RRU/BTS (ਇਲੈਕਟ੍ਰਾਨਿਕ ਡਿਵਾਇਸ) ਵਗੈਰਾ ਆਦਿ ਚੋਰੀ ਹੋ ਰਹੇ ਸੀ, ਇਸ ਤਰ੍ਹਾਂ ਦੀਆਂ ਵਾਰਦਾਤਾਂ ਜ਼ਿਲ੍ਹਾ ਪਟਿਆਲਾ ਵਿਚ ਹੋ ਰਹੀਆਂ ਸਨ, ਇਨ੍ਹਾਂ ਵਾਰਦਾਤਾਂ ਵਿਚ ਸ਼ਾਮਿਲ ਵਿਆਕਤੀਆਂ ਨੂੰ ਟਰੇਸ ਕਰਨ ਲਈ ਮਹੁੰਮਦ ਸਰਫ਼ਰਾਜ਼ ਆਲਮ ਆਈ ਪੀ ਐਸ ਐਸ ਪੀ ਸਿਟੀ ਪਟਿਆਲਾ, ਯੁਗੇਸ਼ ਸ਼ਰਮਾ ਪੀ ਪੀ ਐਸ ਐਸ ਪੀ ਇੰਨਵੈਸਟੀਗੇਸਨ, ਅਵਤਾਰ ਸਿੰਘ ਡੀ ਐੱਸ ਪੀ ਡੀ, ਦੀ ਅਗਵਾਈ ਵਿੱਚ ਇੰਸਪੈਕਟਰ ਸ਼ਮਿੰਦਰ ਸਿੰਘ ਇੰਚਾਰਜ ਸੀ ਆਈ ਏ ਸਟਾਫ ਪਟਿਆਲਾ ਦੀ ਟੀਮ ਦਾ ਗਠਨ ਕੀਤਾ ਗਿਆ ਸੀ ਜਿਸ ਦੇ ਤਹਿਤ ਹੀ ਸੀ ਆਈ ਏ ਪਟਿਆਲਾ ਵਲੋਂ ਮੋਬਾਈਲ ਟਾਵਰਾਂ ਦੇ ਉਪਕਰਣਾਂ ਚੋਰੀ ਦੀਆਂ 60 ਵਾਰਦਾਤਾਂ ਆਦਿ ਟਰੇਸ ਕਰਦੇ ਹੋਏ ਨਿਮਨਲਿਖਤ ਵਿਆਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਸ਼ੁਭਾਸ਼ ਕੁਮਾਰ ਪੁੱਤਰ ਸੁਰਿੰਦਰ ਸਿੰਘ ਵਾਸੀ ਨਨਫਰ ਤਹਿ ਅਤੇ ਜ਼ਿਲ੍ਹਾ ਸਾਰਨ ਬਿਹਾਰ ਹਾਲ ਆਬਦ 4473 ਬੀ ਸਿਆਮ ਨਗਰ ਰਾਜਪੁਰਾ ਜਿਲਾ ਪਟਿਆਲਾ, ਜਤਿੰਦਰ ਕੁਮਾਰ ਪੁੱਤਰ ਸੁਰਿੰਦਰ ਸਿੰਘ ਵਾਸੀ ਨਨਫਰ ਤਹਿ ਅਤੇ ਜ਼ਿਲ੍ਹਾ ਸਾਰਨ ਬਿਹਾਰ ਹਾਲ ਆਬਦ ਦਾਦਾ ਚੋਹਾਨ ਕਲੋਨੀ ਸਾਮਦੂ ਕੈਂਪ ਰਾਜਪੁਰਾ ਜਿਲਾ ਪਟਿਆਲਾ, ਨਵਾਜ਼ਿਸ਼ ਖਾਨ ਪੁੱਤਰ ਹਾਮਿਦ ਖਾਨ ਵਾਸੀ ਲਸ਼ਕਰ ਗਵਾਲੀਅਰ ਐਮ ਪੀ ਹਾਲ ਆਬਦ ਬਾਬਾ ਦੀਪ ਸਿੰਘ ਗੁਰੂਦਵਾਰਾ ਨੇੜੇ ਡੰਗਰ ਮੰਡੀ ਬੈਂਕ ਸਾਈਡ ਰਾਜਪੁਰਾ ਜਿਲਾ ਪਟਿਆਲਾ,ਜਸਵਿੰਦਰ ਸਿੰਘ ਉਰਵ ਜੱਸੀ ਪੁੱਤਰ ਭਜਨ ਸਿੰਘ ਵਾਸੀ ਢਕਾਨਸੂ ਕਲੋਨੀ ਰਾਜਪੁਰਾ ਜਿਲ੍ਹਾ ਪਟਿਆਲਾ , ਹਰਬੰਸ ਸਿੰਘ ਉਰਫ ਹੈਪੀ ਪੁੱਤਰ ਗੁਲਾਬ ਸਿੰਘ ਵਾਸੀ ਮਹਿਤਾ ਥਾਣਾ ਸੰਗਤ ਮੰਡੀ ਬਠਿੰਡਾ, ਭਿੰਦਾ ਸਿੰਘ ਪੁੱਤਰ ਬਲਕੌਰ ਸਿੰਘ ਵਾਸੀ ਪਿੰਡ ਪੰਨੀਵਾਲਾ ਰੁਲਦੂ ਥਾਣਾ ਡੱਬਵਾਲੀ ਜਿਲ੍ਹਾ ਸਿਰਸਾ ਹਰਿਆਣਾ,

ਮੋਹਿਤ ਕੁਮਾਰ ਉਰਵ ਮੋਨੂੰ ਪੁੱਤਰ ਓਮਵੀਰ ਸਿੰਘ ਵਾਸੀ ਬਾਜ਼ੀਦਪੁਰ ਤਹਿ ਹਰਦੋਰ ਜ਼ਿਲ੍ਹਾ ਬਿਜਨੋਰ (ਯੂ.ਪੀ) ਹਾਲ ਅਬਾਦ ਨਲਾਸ ਰੋਡ ਰਾਜਪੁਰਾ ਪਟਿਆਲਾ,ਗੋਰਵ ਸੂਦ ਉਰਫ ਦੀਪੂ ਪੁੱਤਰ ਲਕਸ਼ਮੀ ਚੰਦ ਵਾਸੀ ਵਾਰਡ ਨੰਬਰ 01 ਗੁਰੂ ਤੇਗਬਹਾਦਰ ਕਲੋਨੀ ਢਕਾਨਸੂ ਰੋਡ ਰਾਮਪੁਰਾ ਜ਼ਿਲ੍ਹਾ ਪਟਿਆਲਾ ਨੂੰ 9.6.2024 ਨੂੰ ਨਾਕਾਬੰਦੀ ਦੌਰਾਨ ਗੁਪਤ ਸੂਚਨਾ ਦੇ ਆਧਾਰ ਪਰ ਪਿੰਡ ਕੋਲੀ ਤੋਂ ਕਾਬੂ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ, ਤਫਤੀਸ਼ ਦੋਰਾਨ ਇੰਨਾ ਪਾਸੋਂ EF RRU ,B BTS,EA BTS Card ਅਤੇ ਦੋ ਗੱਡੀਆਂ ਜਿੰਨਾ ਵਿੱਚ ਇੱਕ ਮਾਰੂਤੀ ਸੁਜ਼ੂਕੀ ਪਿਕਅੱਪ ਅਤੇ ਇਕ ਸਵੀਫਟ ਕਾਰ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ ਹੈ।

ਦੋਸੀਆਂ ਦੀ ਗ੍ਰਿਫ਼ਤਾਰੀ, ਬਾਮਦਗੀ ਜਿੰਨ੍ਹਾ ਨੇ ਅੱਗੇ ਦੱਸਿਆ ਕਿ ਸੀ.ਆਈ ਦੇ ਪਟਿਆਲਾ ਵੱਲੋਂ ਮੋਬਾਇਲ ਟਾਵਰਾਂ ਦੇ ਉਪਕਰਨਾਂ ਇਲੈਕਟ੍ਰੋਨਿਕ ਡਿਵਾਈਸ ਅਤੇ ਹੋਰ ਸਮਾਨ ਕਰਨ ਦੀ ਹੋ ਰਹੀ ਘਟਨਾਵਾਂ ਸਬੰਧੀ ਟ੍ਰੇਸ ਕਰਨ ਲਈ ਕਾਫੀ ਦੇਰ ਤੋਂ ਵੱਖ ਵੱਖ ਟੀਮਾਂ ਕੰਮ ਕਰ ਰਹੀਆਂ ਸਨ ਜਿਸ ਪਰ ਗੁਪਤ ਸੂਚਨਾ ਦੇ ਆਧਾਰ ਪਰ ਮੁਕੱਦਮਾ ਨੰਬਰ 64 ਮਿਤੀ 07.06.2024 ਅ/ਧ 379,411,473 ਹਿੰ:ਦਿੰ ਟੈਲੀਗ੍ਰਾਫ ਐਕਟ 1885 ਥਾਣਾ ਸਦਰ ਪਟਿਆਲਾ ਬਰ ਖਿਲਾਫ ਸੁਭਾਸ਼ ਕੁਮਾਰ, ਜਤਿੰਦਰ ਕੁਮਾਰ, ਨਵਾਜ਼ਿਸ਼ ਖਾਨ,ਉਕਤਨ ਵਗੈਰਾ ਦੇ ਖਿਲਾਫ ਦਰਜ ਕਰਕੇ ਤਫਤੀਸ਼ ਸ਼ੁਰੂ ਕੀਤੀ ਗਈ ਹੈ ਇਸ ਤਹਿਤ 9.6.2024 ਨੂੰ ਸੀ ਆਈ ਏ ਪਟਿਆਲਾ ਦੀ ਟੀਮ ਨੇ ਮੋਬਾਇਲ ਟਾਵਰਾਂ ਤੋਂ ਚੋਰੀ ਕਰਨ ਵਾਲੇ ਗਿਰੋਹ ਦੇ ਉਕਤ 8 ਮੈਂਬਰਾਂ ਨੂੰ ਅੰਡਰ ਬ੍ਰਿਜ ਪਿੰਡ ਕੋਲੀ ਤੋਂ ਗ੍ਰਿਫ਼ਤਾਰ ਕਰਕੇ ਇਹਨਾਂ ਪਾਸੋਂ ਕਰੀਬ ਡੇਢ ਕਰੋੜ ਦੀ ਕੀਮਤ ਦੇ ਮੋਬਾਈਲ ਟਾਵਰਾਂ ਦੇ ਉਪਕਰਣ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ।

ਜਿਨ੍ਹਾਂ ਵਿਚ ਕਿ EF RRU,B BTS,EA BTS Card , ਅਤੇ ਦੋ ਗੱਡੀਆਂ ਜਾਅਲੀ ਨੰਬਰ ਅਤੇ ਟਾਵਰਾਂ ਤੋਂ ਚੋਰੀ ਕਰਨ ਵਾਲਾ ਸਮਾਨ ਵਾਲੀਆਂ ਟੂਲ ਕਿੱਟਾਂ, ਚਾਬੀਆਂ,ਪਾਨੇ, ਹੈਲਮੱਟ, ਰੱਸੇ, ਰੱਸੀਆਂ,ਕੱਟਰ ,ਸੇਫਟ ਜੈਕਟਾ ਰਿਫਲੈਕਸਨ ਜੈਕਿਟਾ, ਆਦਿ ਬਰਾਮਦ ਕੀਤੇ ਗਏ ਹਨ।ਗੈਗ ਬਾਰੇ ਜਾਣਕਾਰੀ- ਐਸ.ਐਸ.ਪੀ. ਪਟਿਆਲਾ ਨੇ ਦੱਸਿਆ ਕਿ ਇਹ ਗੈਂਗ ਮੁੱਖ ਤੌਰ ਤੇ ਮੋਬਾਇਲ ਟਾਵਰਾਂ ਤੇ RRU ਅਤੇ BTS ਉਪਕਰਨਾਂ ਦੀ ਚੋਰੀ ਕਰਦਾ ਹੈ। ਗ੍ਰਿਫਤਾਰ ਕੀਤੇ ਗਏ ਗੈਂਗ ਦੇ ਜਿਆਦਾ ਮੈਂਬਰ ਪਹਿਲਾਂ ਮੋਬਾਇਲ ਟਾਵਰਾਂ ਨੂੰ ਮੇਨਟੇਨ ਕਰਨ ਵਾਲੀਆਂ ਕੰਪਨੀਆਂ ਵਿੱਚ ਕੰਮ ਕਰਦੇ ਰਹੇ ਹਨ ਜਿਸ ਕਰਕੇ ਹੀ ਇਹ ਮੋਬਾਇਲ ਟਾਵਰਾਂ ਤੇ ਕਰੀਬ 100 ਮੀਟਰ ਦੀ ਉਚਾਈ ਪਰ ਲੱਗੇ ਇਨ੍ਹਾ ਸੈਸਟਿਵ ਉਪਕਰਨਾਂ ਨੂੰ ਉਤਾਰ ਲੈਂਦੇ ਹਨ ਅਤੇ ਇਹਨਾਂ ਕੋਲ ਸੇਫਟੀ ਕਿੱਟਾਂ ਅਤੇ ਚੋਰੀ ਕਰਨ ਵਾਲੇ ਔਜਾਰ ਵੀ ਮੌਜੂਦ ਹਨ। ਇਸ ਗੈਗ ਦਾ ਮਾਸਟਰ ਮਾਇੰਡ ਸੁਭਾਸ ਕੁਮਾਰ ਹੈ ਜੋ ਕਿ ਪਹਿਲਾਂ ਮੋਬਾਇਲ ਟਾਵਰਾਂ ਦੀਆਂ ਮੇਨਟੈਨਸ ਕਰਨ ਵਾਲੀਆਂ ਕੰਪਨੀਆਂ ਵਿੱਚ ਸਾਲ 2004 ਤੋਂ 2020 ਤੱਕ ਕੰਮ ਕਰਦਾ ਰਿਹਾ ਹੈ। ਇਸ ਤਰਾਂ ਦੇ ਕਈ ਗਿਰੋਹ ਦਿੱਲੀ ਅਤੇ ਯੂ.ਪੀ. ਵਿੱਚ ਵੀ ਫੜੇ ਜਾ ਚੁੱਕੇ ਹਨ ਜਿਸ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਇਹ ਗੈਗ ਮੋਬਾਇਲ ਉਪਕਰਨਾਂ ਨੂੰ ਚੋਰੀ ਕਰਕੇ ਦਿੱਲੀ ਜਾਂ ਹੋਰ ਸ਼ਹਿਰਾਂ ਵਿੱਚ ਵੇਚਦੇ ਹਨ ਜੋ ਗ੍ਰਿਫ਼ਤਾਰ ਦੋਸ਼ੀਆਨ ਵਿੱਚ ਕਈਆਂ ਪਰ ਪਹਿਲਾ ਵੀ ਮੋਬਾਇਲ ਉਪਕਰਨ ਹੋਰੀ ਕਰਨ ਆਦਿ ਮੁਕਦਮੇ ਦਿੱਲੀ ਅਤੇ ਹੋਰ ਸਟੇਟਾਂ ਵਿੱਚ ਦਰਜ ਹਨ।

ਅਮੇਠੀ-ਰਾਏਬਰੇਲੀ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਰਾਏਬਰੇਲੀ ਪਹੁੰਚੇ ਰਾਹੁਲ-ਪ੍ਰਿਅੰਕਾ

ਰਾਏਬਰੇਲੀ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਅਤੇ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਮੰਗਲਵਾਰ ਸ਼ਾਮ ਨੂੰ ਅਮੇਠੀ ਅਤੇ ਰਾਏਬਰੇਲੀ ਦੇ ਲੋਕਾਂ ਦਾ ਧੰਨਵਾਦ ਕਰਨ ਲਈ ਇੱਥੇ ਪਹੁੰਚੇ ਜਿਨ੍ਹਾਂ ਨੇ ਉੱਤਰ ਪ੍ਰਦੇਸ਼ ਵਿਚ ਕਾਂਗਰਸ ਨੂੰ ਉਮੀਦ ਦੀ ਕਿਰਨ ਦਿਖਾਈ ਹੈ।

ਦੋਵਾਂ ਸੀਨੀਅਰ ਨੇਤਾਵਾਂ ਦਾ ਫੁਰਸਤਗੰਜ ਹਵਾਈ ਅੱਡੇ 'ਤੇ ਪਾਰਟੀ ਦੇ ਸੂਬਾ ਪ੍ਰਧਾਨ ਅਜੈ ਰਾਏ ਅਤੇ ਪਾਰਟੀ ਦੇ ਜਨਰਲ ਸਕੱਤਰ ਅਵਿਨਾਸ਼ ਪਾਂਡੇ ਨੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਮੌਕੇ 'ਤੇ ਰਾਜ ਸਭਾ ਮੈਂਬਰ ਪ੍ਰਮੋਦ ਤਿਵਾੜੀ ਅਤੇ ਵਿਧਾਇਕ ਦਲ ਦੀ ਨੇਤਾ ਅਰਾਧਨਾ ਮਿਸ਼ਰਾ ਮੋਨਾ ਤੋਂ ਇਲਾਵਾ ਅਮੇਠੀ ਦੇ ਨਵੇਂ ਚੁਣੇ ਗਏ ਸੰਸਦ ਮੈਂਬਰ ਕਿਸ਼ੋਰੀ ਲਾਲ ਸ਼ਰਮਾ ਵੀ ਮੌਜੂਦ ਸਨ। ਹਵਾਈ ਸੈਨਾ ਦੀ ਹਵਾਈ ਪੱਟੀ 'ਤੇ ਉਤਰਨ ਤੋਂ ਬਾਅਦ, ਦੋਵੇਂ ਨੇਤਾ ਭੂਮੂਊ ਗੈਸਟ ਹਾਊਸ ਲਈ ਰਵਾਨਾ ਹੋਏ, ਜਿੱਥੋਂ ਉਹ ਅਮੇਠੀ ਅਤੇ ਰਾਏਬਰੇਲੀ ਦੇ ਲੋਕਾਂ ਦਾ ਧੰਨਵਾਦ ਕਰਨਗੇ।

ਧਿਆਨਯੋਗ ਹੈ ਕਿ ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੀ ਰਾਹੁਲ ਗਾਂਧੀ ਰਾਏਬਰੇਲੀ ਤੋਂ ਕਾਂਗਰਸ ਦੇ ਸੰਸਦ ਮੈਂਬਰ ਚੁਣੇ ਗਏ ਹਨ, ਜਦੋਂ ਕਿ ਅਮੇਠੀ ਤੋਂ ਗਾਂਧੀ ਪਰਿਵਾਰ ਦੇ ਨਜ਼ਦੀਕੀ ਕਿਸ਼ੋਰੀਲਾਲ ਸ਼ਰਮਾ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਮ੍ਰਿਤੀ ਇਰਾਨੀ ਨੂੰ ਹਰਾਇਆ ਹੈ।

ਭਾਰਤ ਗਠਜੋੜ ਦੇ ਤਹਿਤ ਲੜਨ ਵਾਲੀ ਕਾਂਗਰਸ ਨੇ ਉੱਤਰ ਪ੍ਰਦੇਸ਼ ਵਿੱਚ ਛੇ ਸੀਟਾਂ ਜਿੱਤੀਆਂ ਹਨ, ਜਦੋਂ ਕਿ 2019 ਵਿੱਚ ਰਾਏਬਰੇਲੀ ਵਿੱਚ ਸਿਰਫ਼ ਸੋਨੀਆ ਗਾਂਧੀ ਹੀ ਚੋਣ ਜਿੱਤ ਸਕੀ ਸੀ ਅਤੇ ਰਾਹੁਲ ਗਾਂਧੀ ਨੂੰ ਅਮੇਠੀ ਸੀਟ ਤੋਂ ਹਾਰ ਝੱਲਣੀ ਪਈ ਸੀ। ਇਸ ਵਾਰ ਸ਼੍ਰੀ ਰਾਹੁਲ ਗਾਂਧੀ ਨੇ ਕੇਰਲ ਦੇ ਵਾਇਨਾਡ ਅਤੇ ਰਾਏਬਰੇਲੀ ਤੋਂ ਚੋਣਾਂ ਜਿੱਤੀਆਂ ਹਨ, ਹਾਲਾਂਕਿ ਉਨ੍ਹਾਂ ਨੇ ਵਾਇਨਾਡ ਛੱਡ ਕੇ ਰਾਏਬਰੇਲੀ ਦੇ ਸੰਸਦ ਮੈਂਬਰ ਬਣਨ ਦਾ ਫੈਸਲਾ ਕੀਤਾ ਹੈ।

ਮੁੰਬਈ ਹਵਾਈ ਅੱਡੇ 'ਤੇ 32.79 ਕਿਲੋ ਸੋਨਾ ਜ਼ਬਤ, 2 ਔਰਤਾਂ ਗ੍ਰਿਫ਼ਤਾਰ

ਮੁੰਬਈ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਮੁੰਬਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਨੇ ਵੱਖ-ਵੱਖ ਮਾਮਲਿਆਂ 'ਚ 2 ਵਿਦੇਸ਼ੀ ਮਹਿਲਾ ਨਾਗਰਿਕਾਂ ਦੇ ਅੰਡਰਗਾਰਮੈਂਟਸ ਅਤੇ ਸਾਮਾਨ 'ਚ ਲੁਕਾਇਆ 19.15 ਕਰੋੜ ਰੁਪਏ ਮੁੱਲ ਦਾ ਕੁੱਲ 32.79 ਕਿਲੋਗ੍ਰਾਮ ਸੋਨਾ ਜ਼ਬਤ ਕੀਤਾ ਹੈ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਸੋਮਵਾਰ ਨੂੰ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਅਫ਼ਰੀਕੀ ਦੇਸ਼ਾਂ ਤੋਂ ਆਈਆਂ ਦੋਹਾਂ ਮਹਿਲਾ ਯਾਤਰੀਆਂ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਗਈ। ਦੋਹਾਂ ਮਾਮਲਿਆਂ 'ਚ ਅੰਡਰਗਾਰਮੈਂਟਸ ਅਤੇ ਸਾਮਾਨ 'ਚ ਲੁਕਾਇਆ ਗਿਆ ਸੋਨਾ ਮਿਲਿਆ। ਔਰਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

ਸੁਪਰੀਮ ਕੋਰਟ ਨੇ ਨੀਟ-ਯੂਜੀ ਮੁੜ ਕਰਾਉਣ ਬਾਰੇ ਐੱਨਟੀਏ ਤੋਂ ਜੁਆਬ ਮੰਗਿਆ

ਨਵੀਂ ਦਿੱਲੀ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਨੇ ਪ੍ਰਸ਼ਨ ਪੱਤਰ ਲੀਕ ਹੋਣ ਤੇ ਹੋਰ ਗੜਬੜੀਆਂ ਕਾਰਨ ਕੌਮੀ ਯੋਗਤਾ ਅਤੇ ਦਾਖਲਾ ਪ੍ਰੀਖਿਆ-ਗ੍ਰੈਜੂਏਟ' (ਨੀਟ-ਯੂਜੀ)-2024 ਮੁੜ ਕਰਵਾਉਣ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਅੱਜ ਕੌਮੀ ਪ੍ਰੀਖਿਆ ਏਜੇਂਸੀ(ਐੱਨਟੀਏ) ਤੋਂ ਜਵਾਬ ਮੰਗਿਆ ਹੈ। ਜਸਟਿਸ ਵਿਕਰਮ ਨਾਥ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲਾ ਦੇ ਛੁੱਟੀ ਵਾਲੇ ਬੈਂਚ ਨੇ ਹਾਲਾਂਕਿ ਐੱਮਬੀਬੀਐੱਸ, ਬੀਡੀਐੱਸ ਅਤੇ ਹੋਰ ਕੋਰਸਾਂ ਵਿੱਚ ਸਫ਼ਲ ਉਮੀਦਵਾਰਾਂ ਨੂੰ ਦਾਖਲਾ ਦੇਣ ਲਈ ਕਾਉਂਸਲਿੰਗ ਦੀ ਪ੍ਰਕਿਰਿਆ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ। ਨੀਟ-ਯੂਜੀ 2024, 5 ਮਈ ਨੂੰ ਕਰਵਾਈ ਗਈ ਸੀ ਤੇ ਇਸ ਦੇ ਨਤੀਜੇ 4 ਜੂਨ ਨੂੰ ਐਲਾਨੇ ਗਏ ਸਨ।

ਜੋ ਸੀਟ ਛੱਡਣੀ ਹੈ ਉਸ ਦੀ ਜਾਣਕਾਰੀ ਬਹੁਤ ਜਲਦੀ ਵਿਧਾਨ ਸਭਾ 'ਚ ਦੇਵਾਂਗਾ: ਅਖਿਲੇਸ਼

ਲਖਨਊ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਵਾਦੀ ਪਾਰਟੀ (ਸਪਾ) ਪ੍ਰਧਾਨ ਅਤੇ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਬਹੁਤ ਜਲਦੀ ਵਿਧਾਨ ਸਭਾ ਵਿਚ ਜਾਣਕਾਰੀ ਦੇਣਗੇ ਕਿ ਲੋਕ ਸਭਾ ਸੀਟ ਅਤੇ ਵਿਧਾਨ ਸਭਾ ਸੀਟ 'ਚੋਂ ਉਹ ਕਿਹੜੀ ਸੀਟ ਆਪਣੇ ਕੋਲ ਰੱਖਣਗੇ। ਸਪਾ ਮੁਖੀ ਯਾਦਵ ਮੰਗਲਵਾਰ ਨੂੰ ਇਟਾਵਾ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਸੈਫਈ 'ਚ ਪੱਤਰਕਾਰਾਂ ਨਾਲ ਮੁਖਾਤਿਬ ਸਨ। ਪੱਤਰਕਾਰਾਂ ਨੇ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ਵਿਚੋਂ ਕਿਹੜੀ ਸੀਟ ਉਹ ਆਪਣੇ ਕੋਲ ਰੱਖਣਗੇ, ਤਾਂ ਉਨ੍ਹਾਂ ਨੇ ਕਿਹਾ ਕਿ ਕਰਹਲ ਅਤੇ ਮੈਨਪੁਰੀ ਦੇ ਵਰਕਰਾਂ ਨੂੰ ਮੈਂ ਦੱਸਿਆ ਕਿ ਮੈਂ ਦੋ ਥਾਵਾਂ ਤੋਂ ਚੋਣਾਂ ਤਾਂ ਜਿੱਤ ਗਿਆ ਹਾਂ ਪਰ ਇਕ ਸੀਟ ਛੱਡਣੀ ਪਵੇਗੀ। ਬਹੁਤ ਜਲਦੀ ਵਿਧਾਨ ਸਭਾ 'ਚ ਇਸ ਦੀ ਜਾਣਕਾਰੀ ਦਿੱਤੀ ਜਾਵੇਗੀ।

ਦੱਸ ਦੇਈਏ ਕਿ ਸਪਾ ਮੁਖੀ ਯਾਦਵ ਹਾਲ ਹੀ ਵਿਚ ਲੋਕ ਸਭਾ ਚੋਣਾਂ ਵਿਚ ਕੰਨੌਜ ਸੰਸਦੀ ਸੀਟ ਤੋਂ ਚੋਣਾਂ ਜਿੱਤੇ ਹਨ, ਜਦਕਿ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਉਹ ਮੈਨਪੁਰੀ ਜ਼ਿਲ੍ਹੇ ਦੇ ਕਰਹਲ ਵਿਧਾਨ ਸਭਾ ਖੇਤਰ ਤੋਂ ਚੋਣਾਂ ਜਿੱਤੇ ਸਨ। ਵਿਧਾਨ ਸਭਾ 'ਚ ਉਨ੍ਹਾਂ ਕੋਲ ਵਿਰੋਧੀ ਧਿਰ ਦੇ ਨੇਤਾ ਦੀ ਜ਼ਿੰਮੇਵਾਰੀ ਹੈ। ਅਜਿਹਾ ਕਿਹਾ ਜਾ ਰਿਹਾ ਹੈ ਯਾਦਵ ਵਿਧਾਨ ਸਭਾ ਦੀ ਮੈਂਬਰਸ਼ਿਪ ਛੱਡ ਕੇ ਲੋਕ ਸਭਾ ਵਿਚ ਸਪਾ ਸੰਸਦੀ ਦਲ ਦੇ ਨੇਤਾ ਬਣਨੇ। ਉੱਤਰ ਪ੍ਰਦੇਸ਼ ਦੀਆਂ 80 ਲੋਕ ਸਭਾ ਸੀਟਾਂ ਵਿਚ ਸਪਾ 37 ਸੀਟਾਂ ਜਿੱਤ ਕੇ ਲੋਕ ਸਭਾ ਵਿਚ ਤੀਜੀ ਵੱਡੀ ਪਾਰਟੀ ਬਣ ਕੇ ਉੱਭਰੀ ਹੈ।

ਬਨੂੜ ਦੇ ਉੜਦਣ ਤੋਂ ਖੁਲਾਰਗੜ੍ਹ ਬਰਸੀ ਸਮਾਗਮ 'ਚ ਗਏ ਸ਼ਰਧਾਲੂਆਂ ਦਾ ਟਰੱਕ ਖੱਡ ਵਿੱਚ ਡਿੱਗਿਆ, 3 ਮੌਤਾਂ ਤੇ 50 ਜ਼ਖ਼ਮੀ

ਬਨੂੜ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਬਨੂੜ ਅਧੀਨ ਪਿੰਡ ਉੜਦਣ ਦੇ ਸ਼ਰਧਾਲੂਆਂ ਨਾਲ ਭਰਿਆ ਟਰੱਕ ਹੁਸ਼ਿਆਰਪੁਰ ਦੇ ਗੜਸ਼ੰਕਰ ਨੇੜੇ ਪੰਦਰਾਂ ਫੁੱਟ ਡੂੰਘੀ ਖਾਈ ਵਿੱਚ ਡਿੱਗ ਗਿਆ। ਇਸ ਹਾਦਸੇ ਵਿੱਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ 50 ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ 20 ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਵਿੱਚੋਂ ਬਹੁਤਿਆਂ ਨੂੰ ਪੀਜੀਆਈ ਭੇਜਿਆ ਗਿਆ ਹੈ। ਬਹੁਜਨ ਸਮਾਜ ਪਾਰਟੀ ਦੇ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਰਹੇ ਜਗਜੀਤ ਸਿੰਘ ਛੜਬੜ੍ਹ ਨੇ ਦੱਸਿਆ ਕਿ ਪਿੰਡ ਉੜਦਣ ਤੋਂ 70-80 ਦੇ ਕਰੀਬ ਸ਼ਰਧਾਲੂ ਖੁਲਾਰਗੜ੍ਹ ਦੇ ਗੁਰਦੁਆਰਾ ਚਰਨ ਗੰਗਾ ਸਾਹਿਬ ਵਿਖੇ ਕੱਲ੍ਹ ਬਾਬ

ਮੁਲਾਜ਼ਮਾਂ ਅਤੇ ਪੈਨਸ਼ਨਾਂ ਦੀ ਅਣਦੇਖੀ ਆਮ ਆਦਮੀ ਪਾਰਟੀ ਨੂੰ ਪਈ ਮਹਿੰਗੀ : ਫਤਿਹਮਾਜਰੀ

ਨਾਭਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਬੇਸ਼ੱਕ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰ ਦੇ ਖੁਫੀਆ ਤੰਤਰ ਵਿੰਗ ਤੋਂ ਚੋਣਾਂ ਹਾਰਨ ਦੀਆਂ ਰਹੀਆਂ ਕਮੀਆਂ ਬਾਰੇ ਰਿਪੋਰਟਾਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ ਹਨ ਅਤੇ ਅੱਜ ਯਾਨੀ 7 ਜੂਨ ਤੋਂ ਮੁੱਖ ਮੰਤਰੀ ਪੰਜਾਬ ਆਪ ਲੋਕ ਸਭਾ ਹਲਕਾਵਾਰ ਆਪਣੇ ਵਿਧਾਇਕਾਂ ਦੇ ਪ੍ਰਮੁੱਖ ਅਹੁਦੇਦਾਰਾਂ ਸਮੇਤ ਚੇਅਰਮੈਨਾਂ ਨਾਲ ਵੀ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਨ ਜਾ ਰਹੇ ਹਨ ਪਰ ਸ਼ਾਇਦ ਮੁੱਖ ਮੰਤਰੀ ਸਾਹਿਬ ਇਹ ਗੱਲ ਭੁੱਲਦੇ ਦਿਖਾਈ ਨਜ਼ਰ ਆ ਰਹੇ ਹਨ ਕਿ ਪਿਛਲੇ ਕਾਫੀ ਸਾਲਾਂ ਤੋਂ ਪੰਜਾਬ ਸਰਕਾਰ ਵੱਲੋਂ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਨੂੰ ਰੈਲੀਆਂ ਅਤੇ ਧਰਨਿਆਂ ਦੇ ਦਬਾਅ ਹੇਠ ਮੀਟਿੰਗਾਂ ਲਈ ਸਮਾਂ ਦੇ ਕੇ ਫਰੰਟ ਆਗੂਆਂ ਨੂੰ ਮੀਟਿੰਗ ਕਰਨ ਤੋਂ ਇਹ ਕਹਿ ਕੇ ਮੋੜ ਦਿੱਤਾ ਜਾਂਦਾ ਹੈ ਕਿ ਤੁਹਾਡੀ ਮੀਟਿੰਗ ਸਾਡੇ ਸ਼ਡਿਊਲ ਵਿੱਚ ਹੀ ਨਹੀਂ, ਜਿਸ ਕਰਕੇ ਸਾਂਝਾ ਫਰੰਟ ਦੇ ਅਹੁਦੇਦਾਰਾਂ ਵਿੱਚ ਭਰਿਆ ਹੋਇਆ ਗੁੱਸਾ ਫੁੱਟਣਾ ਲਾਜ਼ਮੀ ਸੀ ਜੋ ਕਿ ਆਮ ਆਦਮੀ ਪਾਰਟੀ ਦੀਆਂ ਜੜਾਂ ਵਿੱਚ ਬੈਠ ਗਿਆ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮੀਡੀਆ ਨਾਲ ਗੱਲ ਕਰਦਿਆਂ ਗੋਲਡਨ ਸਟਾਰ ਬਲੱਡ ਖੂਨ ਦਾਨੀ ਉੱਗੇ ਸਮਾਜ ਸੇਵਕ ਨਾਹਰ ਸਿੰਘ ਫਤਿਹ ਮਾਜਰੀ ਸਾਬਕਾ ਡੀ ਐਸ ਪੀ ਪੰਜਾਬ ਪੁਲਿਸ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਲੋਕ ਸਭਾ ਚੋਣਾਂ ਵਿੱਚ ਹੋਈ ਕਰਾਰੀ ਹਾਰ ਉਪਰੁਕਤ ਦਰਸਾਏ ਮਸਲੇ ਦਾ ਨਤੀਜਾ ਰਹੀ ਹੈ। ਇਸ ਮੌਕੇ ਫਤਿਹ ਮਾਜਰੀ ਨੇ ਕਿਹਾ ਕਿ ਸਰਕਾਰੀ ਨੀਤੀਆਂ ਤੋਂ ਅੱਕੇ ਹੋਏ ਲੋਕਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਫਿਰਕੂ ਫਾਸ਼ੀ ਕਾਰਪੋਰੇਟ ਘਰਾਨਿਆਂ ਪੱਖੀ ਬਣਾਈਆਂ ਜਾ ਰਹੀਆਂ ਨੀਤੀਆਂ ਅਤੇ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਵਾਰ-ਵਾਰ ਮੀਟਿੰਗਾਂ ਦਾ ਸੱਦਾ ਦੇ ਕੇ ਖੱਜਲ ਖੁਆਰ ਕਰਨ ਦੇ ਰੋਸ ਵਜੋਂ ਲੋਕ ਸਭਾ ਚੋਣਾਂ ਵਿੱਚ ਵੋਟ ਦੀ ਚੋਟ ਲਗਾਉਣ ਦੇ ਕੀਤੇ ਫੈਸਲੇ ਨੇ ਰਾਜਨੀਤਿਕ ਧਿਰਾਂ ਦੀਆਂ ਸਿਆਸੀ ਚੂਲਾਂ ਢਿੱਲੀਆਂ ਕਰਕੇ ਰੱਖ ਦਿੱਤੀਆਂ ਹਨ।

ਜਿਸ ਦੇ ਨਤੀਜੇ ਵਜੋਂ ਸੂਬੇ ਅੰਦਰ ਭਾਜਪਾ ਦਾ ਸੂਪੜਾ ਸਾਫ ਕਰ ਦਿੱਤਾ ਹੈ ਅਤੇ ਆਮ ਆਦਮੀ ਪਾਰਟੀ ਨੂੰ ਸਿਰਫ ਤਿੰਨ ਸੀਟਾਂ ਹੀ ਸਬਰ ਕਰਨਾ ਪਿਆ ਹੈ। ਪ੍ਰੈਸ ਦੇ ਮਾਧਿਅਮ ਰਾਹੀਂ ਨਾਹਰ ਸਿੰਘ ਫਤਿਹਮਾਜਰੀ ਨੇ ਸਰਕਾਰ ਨੂੰ ਯਾਦ ਦਵਾਇਆ ਕਿ ਪੰਜਾਬ ਸਰਕਾਰ ਦੁਆਰਾ ਪੈਨਸ਼ਨਰ ਮੰਗਾਂ ਦੋ ਪੁਆਇੰਟ 59 ਦਾ ਗੁਣਾਂਕ ਜੋ ਕਿ ਛੇਵੇਂ ਪੇ ਕਮਿਸ਼ਨ ਨੇ ਸਿਫਾਰਿਸ਼ ਕੀਤਾ ਸੀ 'ਤੇ ਨੈਸ਼ਨਲ ਪੇਜ ਦੇ ਅਧਾਰ ਤੇ ਪੈਨਸ਼ਨਾਂ ਸੋਧਣ ਦੀ ਸਿਫਾਰਿਸ਼ ਕੀਤੀ ਸੀ ਜੋ ਕਿ ਉਹਨਾਂ ਵੱਲੋਂ ਅਜੇ ਤੱਕ ਲਾਗੂ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ ਗਈ ਤੇ ਮੰਗ ਕੀਤੀ ਗਈ ਪੇ ਕਮਿਸ਼ਨ ਦੁਆਰਾ ਸਿਫਾਰਿਸ਼ ਕੀਤੀਆਂ ਮੱਦਾਂ ਲਾਗੂ ਕਰਨ ਦੀ ਮੰਗ ਕੀਤੀ।

ਅਮਲ ਸੁਸਾਇਟੀ ਦੀ ਹੋਈ ਇੱਕ ਵਿਸ਼ੇਸ਼ ਬੈਠਕ

ਨਾਭਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਅਲਹੋਰਾਂ ਗੇਟ ਸ਼ਮਸ਼ਾਨ ਘਾਟ ਦਾ ਰੱਖ ਰਖਾਵ ਕਰਨ ਵਾਲੀ ਅਮਲ ਸੁਸਾਇਟੀ ਦੀ ਵਿਸ਼ੇਸ਼ ਬੈਠਕ ਸੋਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਖਹਿਰਾ ਦੀ ਅਗਵਾਈ ਹੇਠ ਹੋਈ 1 ਇਸ ਬੈਠਕ ਵਿੱਚ ਕਈ ਅਹਿਮ ਅਤੇ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਜਿਨਾਂ ਵਿੱਚ ਸ਼ਮਸ਼ਾਨ ਘਾਟ ਸਥਿਤ ਗੁਰਦੁਆਰਾ ਸਾਹਿਬ ਵਿਖੇ ਦੋ ਏਅਰ ਕੰਡੀਸ਼ਨ ਲਗਾਉਣ ਲਈ ਸਹਿਮਤੀ ਪ੍ਰਗਟਾਈ ਗਈ ਜਿਨਾਂ ਵਿੱਚੋਂ ਇੱਕ ਏਅਰ ਕੰਡੀਸ਼ਨ ਸੋਸਾਇਟੀ ਦੇ ਕੈਸ਼ੀਅਰ ਸੁਖਪਿੰਦਰ ਸਿੰਘ ਐਸ ਡੀ ਓ ਵੱਲੋਂ ਭੇਂਟ ਕਰਨ ਲਈ ਸਹਿਮਤੀ ਪ੍ਰਗਟਾਈ ਅਤੇ ਦੂਸਰਾ ਏਅਰ ਕੰਡੀਸ਼ਨ ਸੋਸਾਇਟੀ ਦੇ ਮੈਂਬਰਾਂ ਵੱਲੋਂ ਲਗਵਾਉਣ ਦੀ ਤਜਵੀਜ਼ ਰੱਖੀ ਗਈ 1 ਇਸ ਤੋਂ ਇਲਾਵਾ ਸ਼ਮਸ਼ਾਨ ਘਾਟ ਸਥਿਤ ਕਮਿਊਨਿਟੀ ਹਾਲ ਦੇ ਨਾਲ ਲੱਗਦੇ ਪਾਰਕ ਦੀ ਚਾਰ ਦੀਵਾਰੀ ਕਰਨ ਅਤੇ ਸੋਸਾਇਟੀ ਦੇ ਪਾਰਕ ਵਿੱਚ ਸੈਰ ਕਰਨ ਵਾਲਿਆਂ ਲਈ ਟਰੈਕ ਦੀ ਮੁਰੰਮਤ ਸਬੰਧੀ ਮਤੇ ਪਾਸ ਕੀਤੇ ਗਏ1 ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਅਮਰਜੀਤ ਵਰਮਾ, ਸਕੱਤਰ ਛੱਜੂ ਰਾਮ ਸਿੰਘੀ,ਗੁਰਜਿੰਦਰ ਸਿੰਘ ਰਿਟਾ ਸੁਪਰਡੈਂਟ, ਪ੍ਰੈਸ ਸਕੱਤਰ ਕਰਮਜੀਤ ਸਿੰਘ ਮਹਿਰਮ, ਪ੍ਰਿੰਸੀਪਲ ਐਸ ਐਸ ਬੇਦੀ, ਡੀ ਐਸ ਹਰਜਾਈ, ਗੁਰਜਿੰਦਰ ਸਿੰਘ, ਪੀ ਐਸ ਸੋਢੀ, ਸੁਰਜੀਤ ਸਿੰਘ ਨਾਜਰ, ਮਲਕੀਤ ਸਿੰਘ ਅਟਵਾਲ ,ਕੈਪਟਨ ਜਸਵਿੰਦਰ ਸਿੰਘ ਹਾਜ਼ਰ ਸਨ।

ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਕਰਵਾਇਆ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ ਸਫਲਤਾ ਪੂਰਵਕ ਸੰਪੰਨ

ਨਾਭਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-



ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਲਗਾਤਾਰ ਸਿੱਖਿਆ, ਵਾਤਾਵਰਨ ਅਤੇ ਸਿਹਤ ਦੇ ਖੇਤਰਾਂ ਵਿੱਚ ਸੁਧਾਰ ਲਿਆਉਣ ਦੇ ਮੰਤਵ ਨਾਲ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਜ਼ਿਕਰਯੋਗ ਹੈ ਕਿ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਹਰ ਸਾਲ ਲੱਖਾਂ ਦਰਖਤ ਲਗਾ ਕੇ ਮਿਸ਼ਨ ਹਰਿਆਲੀ ਚਲਾਇਆ ਜਾਂਦਾ ਹੈ ਅਤੇ ਹਰ ਸਾਲ ਵੱਖ ਵੱਖ ਜ਼ਿਲਿਆਂ ਵਿੱਚ ਕੈਂਸਰ ਅਵੇਅਰਨੈਸ ਅਤੇ ਚੈਕਅਪ ਕੈਂਪ ਲਗਾਏ ਜਾਂਦੇ ਹਨ। ਜਾਣਕਾਰੀ ਦਿੰਦੇ ਹੋਏ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਰਵਿੰਦਰ ਸਿੰਘ ਮੁੰਗੋ ਨੇ ਦੱਸਿਆ ਕਿ ਫੈਡਰੇਸ਼ਨ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਦੇ ਚੇਅਰਮੈਨ ਡਾ. ਜਗਜੀਤ ਸਿੰਘ ਧੂਰੀ ਦੀ ਸਰਪ੍ਰਸਤੀ ਹੇਠ ਪਿਛਲੇ ਵਰੇ? ਪਹਿਲਾ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ ਡੁਬਈ ਵਿਖੇ ਹੋਇਆ ਸੀ ਜਿਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਡੈਲੀਗੇਟਸ ਪਹੁੰਚੇ ਸਨ। ਇਸ ਵਾਰ 2 ਜੂਨ ਤੋਂ 8 ਜੂਨ ਤੱਕ ਇਹ ਅੰਤਰਰਾਸ਼ਟਰੀ ਸਿੱਖਿਆ ਸੰਮੇਲਨ ਵਿਅਤਨਾਮ ਦੀ ਰਾਜਧਾਨੀ ਹਨੋਈ ਵਿਖੇ ਸਫਲਤਾਪੂਰਵਕ ਹੋਇਆ। ਇਸ ਸੁਮਿਟ ਦਾ ਵਿਸ਼ਾ ਆਉਟਕਮ ਬੇਸਡ ਐਜੂਕੇਸ਼ਨ ਸੀ। ਉਹਨਾਂ ਦੱਸਿਆ ਕਿ ਵੱਖ ਵੱਖ ਦੇਸ਼ਾਂ ਦੇ ਡੈਲੀਗੇਟਸ ਦੇ ਨਾਲ ਨਾਲ ਉਹਨਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਮਿਲਿਆ। ਇਸ ਮੌਕੇ ਮਿਲੇ ਗਲੋਬਲ ਪ੍ਰੈਸਟੀਜਸ ਐਵਾਰਡ / ਗੈਸਟ ਆਫ ਆਨਰ ਮਿਲਣ ਤੇ ਉਹਨਾਂ ਫਾਊਂਡੇਸ਼ਨ ਦਾ ਧੰਨਵਾਦ ਕੀਤਾ। 6 ਘੰਟੇ ਇਸ ਚੱਲੀ ਕਾਨਫਰੰਸ ਵਿੱਚ ਡਾ. ਜਗਜੀਤ ਸਿੰਘ ਧੂਰੀ ਨੇ ਸਿੱਖਿਆ ਦੇ ਉਦੇਸ਼ਾਂ ਦੀ ਪੂਰਤੀ ਲਈ ਪੜ੍ਹਾਉਣ ਦੇ ਵੱਖਰੇ ਵੱਖਰੇ ਤਰੀਕਿਆਂ ਉੱਪਰ ਚਾਨਣਾ ਪਾਇਆ ਜਿਸ ਨਾਲ ਵਿਦਿਆਰਥੀ ਅੱਜ ਦੇ ਸਮੇਂ ਦੇ ਹਾਣੀ ਬਣ ਸਕਣ। ਇਸ ਮੌਕੇ ਸਿੱਖਿਆ ਦੇ ਖੇਤਰ ਵਿੱਚ ਸੇਵਾਵਾਂ ਨਿਭਾਉਣ ਵਾਲੇ ਐਡੂਪਨਿਊਰਸ ਅਤੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਗਿਆ। ਡੈਲੀਗੇਟਸ ਤੋਂ ਇਲਾਵਾ ਸੰਮੇਲਨ ਵਿੱਚ ਪਹੁੰਚੇ ਵੱਖ ਵੱਖ ਮਹਿਮਾਨਾਂ ਨੂੰ ਵੀ ਐਵਾਰਡ ਆਫ ਆਨਰ ਨਾਲ ਨਿਵਾਜਿਆ ਗਿਆ। ਜ਼ਿਕਰਯੋਗ ਹੈ ਕਿ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਦਾ ਇਹ ਉਪਰਾਲਾ ਹਰ ਸਾਲ ਜੂਨ ਦੇ ਪਹਿਲੇ ਹਫਤੇ ਜਾਰੀ ਰਹੇਗਾ।

ਰਾਜਾ ਗਿੱਲ ਦੀ ਅਗਵਾਈ ਵਿੱਚ ਹਲਕਾ ਸਮਰਾਲਾ 'ਚ ਕਾਂਗਰਸ ਦੀ ਹੋਈ ਸ਼ਾਨਦਾਰ ਜਿੱਤ: ਬਿੱਲਾ ਬਾਲਿਓ

ਮਾਛੀਵਾੜਾ ਸਾਹਿਬ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਵਿੱਚੋਂ ਡਾਕਟਰ ਅਮਰ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਲੋਕ ਸਭਾ ਵਿੱਚ ਦੂਜੀ ਵਾਰ ਜਿੱਤ ਦੇ ਝੰਡੇ ਗੱਡੇ ਹਨ ਅਤੇ ਇਨ੍ਹਾਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਹੋਈ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਅਮਰਦੀਪ ਸਿੰਘ ਬਿੱਲਾ ਜਨਰਲ ਸੈਕਟਰੀ ਜ਼ਿਲ੍ਹਾ ਯੂਥ ਕਾਂਗਰਸ ਖੰਨਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਜੇਕਰ ਗੱਲ ਕਰੀਏ ਹਲਕਾ ਸਮਰਾਲਾ ਦੀ ਤਾਂ ਰੁਪਿੰਦਰ ਸਿੰਘ ਰਾਜਾ ਗਿੱਲ ਨੇ ਕਾਂਗਰਸ ਪਾਰਟੀ ਲਈ ਹਲਕਾ ਸਮਰਾਲਾ ਵਿੱਚ ਪਿਛਲੇ ਦੋ ਸਾਲਾਂ ਦੌਰਾਨ ਵਿੱਚ ਬਹੁਤ ਸਖਤ ਮਿਹਨਤ ਕੀਤੀ।

ਉਨ੍ਹਾਂ ਨੇ ਕਿਹਾ ਕਿ ਹਲਕਾ ਸਮਰਾਲਾ ਵਿੱਚ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਟੀਮ ਨੇ ਕਾਂਗਰਸ ਪਾਰਟੀ ਲਈ ਪਰਿਵਾਰ ਬਣ ਕੇ ਕੰਮ ਕੀਤਾ ਹੈ।

ਇਹ ਸਭ ਨੂੰ ਲੋਕ ਸਭਾ ਦੀਆਂ ਚੋਣਾਂ ਵਿੱਚ ਪਤਾ ਲੱਗ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਹਲਕਾ ਸਮਰਾਲਾ ਵਿੱਚ ਜਿਸ ਤਰ੍ਹਾਂ ਕਾਂਗਰਸ ਪਾਰਟੀ ਦੇ ਹਲਕਾ ਇੰਚਾ.ਰੁਪਿੰਦਰ ਸਿੰਘ ਰਾਜਾ ਗਿੱਲ ਸਮਰਾਲਾ ਹਲਕੇ ਦੇ ਲੋਕਾਂ ਵਿੱਚ ਵਿਚਰ ਰਹੇ ਹਨ, ਹਰ ਇੱਕ ਦੇ ਦੁੱਖ- ਸੁੱਖ ਵਿੱਚ ਹਾਜ਼ਰ ਹੋ ਰਹੇ ਹਨ। ਇਸ ਤੋਂ ਪਤਾ ਲੱਗਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਹਲਕੇ ਦੀ ਵਾਗਡੋਰ ਸੰਭਾਲਣਗੇ ਅਤੇ ਹਲਕੇ ਦੇ ਲੋਕਾਂ ਦੀ ਸੇਵਾ ਕਰਨਗੇ। ਇਸ ਮੌਕੇ ਅਮਰਦੀਪ ਸਿੰਘ ਬਿੱਲਾ ਜਨਰਲ ਸੈਕਟਰੀ ਜ਼ਿਲ੍ਹਾ ਯੂਥ ਕਾਂਗਰਸ ਖੰਨਾ ਨੇ ਹਲਕੇ ਦੇ ਹਰ ਇੱਕ ਵੋਟਰ ਦਾ ਅਤੇ ਪਾਰਟੀ ਵਰਕਰ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਇੱਕ-ਇੱਕ ਵੋਟ ਪਾ ਕੇ ਡਾ.ਅਮਰ ਸਿੰਘ ਨੂੰ ਦੂਜੀ ਵਾਰ ਲੋਕ ਸਭਾ ਹਲਕੇ ਦੀ ਵਾਗਡੋਰ ਸੰਭਾਲਣ ਦਾ ਮੌਕਾ। ਜਿਸ ਨਾਲ ਉਹ ਲੋਕ ਸਭਾ ਹਲਕਾ ਫਤਹਿਗੜ੍ਹ ਸਾਹਿਬ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪੂਰਾ ਕਰ ਸਕਣਗੇ।

ਰਾਹੁਲ ਗਾਂਧੀ ਨੂੰ ਵਿਰੋਧੀ ਧਿਰ ਦਾ ਨੇਤਾ ਚੁਣਨਾ ਸ਼ਲਾਘਾ ਯੋਗ ਫੈਸਲਾ : ਰਘਵੀਰ ਸਿੰਘ ਖੱਟੜਾ

ਨਾਭਾ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਅੰਦਰ ਭਾਜਪਾ ਖ਼ਿਲਾਫ਼ ਮਹੌਲ ਬਣ ਚੁਕਿਆ ਹੈ ਕਿਉਂਕਿ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਮੁਕਤੀ ਦਿਵਾਉਣ ਅਤੇ ਮੋਦੀ ਸਰਕਾਰ ਦੀ ਮਨਮਾਨੀਆਂ ਨੂੰ ਰੋਕਣ ਲਈ ਇੰਡੀਆ ਗੱਠਜੋੜ ਵਲੋ ਸਰਬਸੰਮਤੀ ਨਾਲ ਰਾਹੁਲ ਗਾਂਧੀ ਨੂੰ ਕੇਂਦਰ ਵਿੱਚ ਵਿਰੋਧੀ ਧਿਰ ਦਾ ਨੇਤਾ ਚੁਣਨਾ ਗੱਠਜੋੜ ਦਾ ਸ਼ਲਾਘਾਯੋਗ ਫ਼ੈਸਲਾ ਦੱਸਦਿਆਂ ਕਿਸਾਨ ਸੈਲ ਕਾਂਗਰਸ ਜਿਲਾ ਪਟਿਆਲਾ ਦੇ ਪ੍ਰਧਾਨ ਰਘਵੀਰ ਸਿੰਘ ਖੱਟੜਾ ਨੇ ਸਮੁੱਚੀ ਕਾਂਗਰਸ ਤੇ ਰਾਹੁਲ ਗਾਂਧੀ ਨੂੰ ਵਧਾਈ ਦਿੰਦਿਆਂ ਕਿਹਾ ਭਾਜਪਾ ਸਰਕਾਰ ਨੇ ਹੁਣ ਤੱਕ ਸਿਰਫ ਕੁੱਝ ਧਨਾਢ ਪਰਿਵਾਰਾ ਦਾ ਹੀ ਵਿਕਾਸ ਕੀਤਾ ਹੈ ਤੇ ਦੇਸ਼ ਦੀ ਜਨਤਾ ਨੂੰ ਮੰਦਹਾਲੀ ਵੱਲ ਧੱਕ ਦਿੱਤਾ ਹੈ 70 ਸਾਲਾਂ ਵਿੱਚ ਦੇਸ਼ ਬਣਾਏ ਅਦਾਰਿਆ ਨੂੰ ਵੇਚ ਕੇ ਦੇਸ਼ ਅਰਥਚਾਰੇ ਨੂੰ ਢਾਹ ਲਾਈ ਹੈ ਉੱਥੇ ਹੀ ਧਰਮ ਦੀ ਆੜ ਹੇਠ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨੂੰ ਖਤਮ ਕਰਨ ਦੀਆਂ ਦੀਆਂ ਚਾਲਾਂ ਚੱਲੀਆਂ ਹੁਣ ਸਫਲ ਨਹੀਂ ਹੋ ਸਕਣਗੀਆਂ ਕਿਉਂਕਿ ਰਾਹੁਲ ਗਾਂਧੀ ਇੱਕ ਸੁਲਝੇ ਹੋਏ ਤੇ ਦੇਸ਼ ਨੂੰ ਪਿਆਰ ਕਰਨ ਵਾਲੇ ਨੇਤਾ ਹਨ।

ਭਾਰਤੀ ਜਨਤਾ ਪਾਰਟੀ ਦੀ ਜਿੱਤ ਦੀ ਖੁਸ਼ੀ 'ਚ ਵੰਡੇ ਲੱਡੂ

ਮਾਛੀਵਾੜਾ ਸਾਹਿਬ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਲਗਾਤਾਰ ਤੀਜੀ ਵਾਰ ਸੱਤਾ ਤੇ ਕਾਬਜ਼ ਹੋਈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਫਿਰ ਤੋਂ ਦੇਸ਼ ਦੀ ਸੱਤਾ ਸੰਭਾਲਣ ਲਈ ਸੌਂ ਚੁੱਕੀ। ਬੀ.ਜੇ.ਪੀ. ਦੀ ਇਸ ਜਿੱਤ ਨੂੰ ਲੈ ਕੇ ਮਾਛੀਵਾੜਾ ਸਾਹਿਬ ਦੇ ਪਾਰਟੀ ਵਰਕਰਾਂ ਵੱਲੋਂ ਮਾਛੀਵਾੜਾ ਸਾਹਿਬ ਦੇ ਮੇਨ ਚੌਕ ਵਿਖੇ ਲੱਡੂ ਵੰਡੇ ਢੋਲ ਵਜਾਇਆ ਅਤੇ ਭੰਗੜੇ ਪਾਏ ਗਏ। ਇਸ ਮੌਕੇ ਪਾਰਟੀ ਵਰਕਰਾਂ ਨੇ ਕਿਹਾ ਕਿ ਦੇਸ਼ ਦੇ ਲੋਕਾਂ ਨੇ ਤੀਜੀ ਵਾਰ ਸ੍ਰੀ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾ ਕੇ ਆਪਣੀ ਹਰਮਨ ਪਿਆਰਤਾ ਦਾ ਵੱਡਾ ਸਬੂਤ ਦਿੱਤਾ ਹੈ।

ਇਸ ਮੌਕੇ ਲੱਡੂ ਵੰਡਣ ਵਾਲਿਆਂ ਵਿੱਚ ਹਲਕਾ ਇੰਚਾਰਜ ਰਣਜੀਤ ਸਿੰਘ ਜੀਤਾ ਗਹਿਲੇਵਾਲ ਕਾਰਜਕਾਰੀ ਕਮੇਟੀ ਮੈਂਬਰ ਪੰਜਾਬ, ਸੁਖਵਿੰਦਰ ਸ਼ਰਮਾ ਸੁਖੀ ਮੰਡਲ ਪ੍ਰਧਾਨ, ਡਾਕਟਰ ਰਾਜ ਕੁਮਾਰ, ਅਜੈ ਸੂਦ, ਜਤਿੰਦਰ ਬਾਲੀ, ਵਿਕਾਸ ਮਿੱਤਲ, ਅਵਤਾਰ ਸਿੰਘ ਜੱਸੋਵਾਲ,ਸਤੀਸ਼ ਸਿੰਗਲਾ, ਦਵਿੰਦਰ ਢੀਂਗਰਾ,ਨਤਿਨ ਜੈਨ,ਪਵਨ ਸਿੰਗਲਾ, ਮੋਹਿਤ ਸਿੰਗਲਾ,ਭੂਸ਼ਨ ਲਾਲ, ਨੱਥੂ ਰਾਮ, ਵਿਦੇਸ਼ਵਰੀ ਸਾਹਨੀ ਸਾਬਕਾ ਕੌਂਸਲਰ, ਰਮੇਸ਼ ਝਾਅ ਸਾਬਕਾ ਕੌਂਸਲਰ,ਬਬਲੂ ਸਾਹਨੀ, ਨਤਰੂ ਸਾਹਨੀ, ਰਮੇਸ਼ ਲਾਲ,ਰਾਮ ਪ੍ਰਵੇਸ਼ ਭਗਤ, ਸ਼ਾਮ ਸੁੰਦਰ,ਅਸ਼ੋਕ ਕੁਮਾਰ, ਲਛਮੀ ਨਰਾਇਣ ਅਤੇ ਹੋਰ ਪਾਰਟੀ ਵਰਕਰ ਵੀ ਹਾਜ਼ਰ ਸਨ।

ਠੰਡੇ ਮਿੱਠੇ ਜਲ ਅਤੇ ਜਲਜੀਰੇ ਦੀ ਛਬੀਲ ਲਗਾਈ ਗਈ

ਮਾਛੀਵਾੜਾ ਸਾਹਿਬ, 12 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ

ਬੀਬੀ ਹਰਸਿਮਰਤ ਕੌਰ ਬਾਦਲ ਨੇ ਰੱਖੀ ਅਕਾਲੀ ਦਲ ਦੀ ਲਾਜ

ਕਿਸ਼ਨ ਪਾਲ

ਜਲੰਧਰ 12 ਜੂਨ। ਸ਼੍ਰੋਮਣੀ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ 'ਚ ਭਾਵੇਂ ਬੁਰੀ ਤਰ੍ਹਾਂ ਹਾਰ ਝੱਲਣੀ ਪਈ ਹੈ ਪਰ ਬਠਿੰਡਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਧਾਕੜ ਉਮੀਦਵਾਰ ਬੀਬਾ ਹਰਸਿਮਰਤ ਕੌਰ ਬਾਦਲ ਨੇ ਇਹ ਸੀਟ ਲਗਾਤਾਰ ਚੌਥੀ ਵਾਰ ਜਿੱਤ ਕੇ ਅਕਾਲੀ ਦਲ ਦੀ ਲਾਜ ਰੱਖ ਲਈ ਹੈ ਅਤੇ ਅਕਾਲੀ ਦਲ ਜਿਊਂਦਿਆਂ 'ਚ ਰਹਿ ਗਿਆ ਹੈ। ਬੀਬਾ ਹਰਸਿਮਰਤ ਕੌਰ ਬਾਦਲ ਨੇ ਲਗਾਤਾਰ ਚੌਥੀ ਵਾਰ ਹਲਕੇ 'ਚ ਸ਼੍ਰੋਮਣੀ ਅਕਾਲੀ ਦਲ ਦਾ ਝੰਡਾ ਬੁਲੰਦ ਕਰਦਿਆਂ ਆਪਣੇ ਵਿਰੋਧੀ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫਰਕ ਨਾਲ ਚਿੱਤ ਕੀਤਾ ਹੈ। ਬੀਬਾ ਬਾਦਲ ਦੇ ਲਗਾਤਾਰ ਹਲਕੇ 'ਚ ਪੈਰ ਪੱਕੇ ਕਰਨ ਲਈ ਉਸ ਦੀ ਮਿਹਨਤ ਹੀ ਰੰਗ ਲਿਆਈ ਹੈ। ਬੀਬਾ ਬਾਦਲ ਹਲਕੇ ਦੇ ਕਿਸੇ ਵੀ ਪਾਰਟੀ ਵਰਕਰ ਦੇ ਦੁੱਖ-ਸੁੱਖ ਨੂੰ ਆਪਣਾ ਸਮਝਦੇ ਹਨ ਅਤੇ ਹਰੇਕ ਦੇ ਦੁੱਖ-ਸੁੱਖ 'ਚ ਨਿੱਜੀ ਤੌਰ 'ਤੇ ਸ਼ਾਮਲ ਹੁੰਦੇ ਹਨ, ਜਿਸ ਕਰਕੇ ਅਕਾਲੀ ਦਲ ਦਾ ਵਰਕਰ ਪਹਿਲਾਂ ਨਾਲੋਂ ਵੀ ਅਗਲੀ ਚੋਣ 'ਚ ਨਾ ਸਿਰਫ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ ਸਗੋਂ ਵੋਟ ਸ਼ੇਅਰ ਵਧਾ ਕੇ ਬੀਬਾ ਬਾਦਲ ਦੇ ਹੱਥ ਮਜ਼ਬੂਤ ਕਰਦਾ ਹੈ। ਸਿਰਫ 2019 ਦੀਆਂ ਲੋਕ ਸਭਾ ਚੋਣਾਂ ਵੇਲੇ ਬੀਬਾ ਬਾਦਲ ਦੀ ਲੀਡ 17 ਕੁ ਹਜਾਰ ਤੋਂ ਉਪਰ ਰਹਿ ਗਈ ਸੀ, ਨਹੀਂ ਤਾਂ ਹੁਣ ਤੱਕ ਚਾਰੇ ਚੋਣਾਂ 'ਚ ਬੀਬਾ ਵੱਡੇ ਫਰਕ ਨਾਲ ਜਿੱਤ ਪ੍ਰਾਪਤ ਕਰਦੇ ਆਏ ਹਨ। ਜਿਉਂ ਹੀ ਬੀਬਾ ਬਾਦਲ ਨੇ 2009 ਦੀਆਂ ਲੋਕ ਸਭਾ ਚੋਣਾਂ ਵੇਲੇ ਸਿਆਸਤ 'ਚ ਪੈਰ ਧਰਿਆ, ਉਸ ਤੋਂ ਪਿੱਛੋਂ ਤਾਂ ਉਹ ਸੰਸਦ ਦੇ ਅੰਦਰ ਅਤੇ ਬਾਹਰ ਛਾਏ ਰਹੇ। ਮੋਦੀ ਸਰਕਾਰ 'ਚ ਦੋ ਵਾਰ ਕੇਂਦਰੀ ਮੰਤਰੀ ਰਹਿੰਦਿਆਂ ਉਨ੍ਹਾਂ ਪੰਜਾਬ ਲਈ ਕਈ ਪ੍ਰਾਜੈਕਟ ਲਿਆਂਦੇ ਅਤੇ ਸੂਬੇ ਦਾ ਪੱਖ ਸੰਸਦ 'ਚ ਚੰਗੀ ਤਰ੍ਹਾਂ ਪੂਰਿਆ। ਬਠਿੰਡਾ ਹਲਕੇ 'ਚ ਹਰਸਿਮਰਤ ਬਾਦਲ ਵੱਲੋਂ ਕੀਤੇ ਗਏ ਕੰਮਾਂ ਨੂੰ ਲੋਕ ਮਾਨਤਾ ਦਿੰਦੇ ਹਨ। ਉਨ੍ਹਾਂ ਬਠਿੰਡਾ ਸ਼ਹਿਰ ਦੀ ਨੁਹਾਰ ਹੀ ਬਦਲ ਕੇ ਰੱਖ ਦਿੱਤੀ। ਬਠਿੰਡਾ 'ਚ ਲਿਆਂਦੇ ਗਏ ਏਮਸ ਹਸਪਤਾਲ ਨੇ ਲੋਕਾਂ ਨੂੰ ਚੰਗੀਆਂ ਸਿਹਤ ਸਹੂਲਤਾਂ ਦਿੱਤੀਆਂ ਹਨ ਤੇ ਲੋਕਾਂ ਦੇ ਮਨਾਂ 'ਤੇ ਏਮਸ ਦਾ ਬਹੁਤ ਵੱਡਾ ਅਸਰ ਹੈ ਤੇ ਇਸੇ ਕਰ ਕੇ ਅਕਾਲੀ ਦਲ ਦਾ ਵੋਟ ਬੈਂਕ ਵੀ ਵਧਿਆ ਹੈ। ਏਮਸ ਤੋਂ ਇਲਾਵਾ ਹੋਰ ਵੀ ਵੱਡੇ-ਵੱਡੇ ਪ੍ਰਾਜੈਕਟ ਬਠਿੰਡਾ 'ਚ ਉਨ੍ਹਾਂ ਦੀ ਮਿਹਨਤ ਨਾਲ ਆਏ ਹਨ, ਜਿਸ ਦਾ ਸਮੁੱਚੇ ਹਲਕੇ ਦੇ ਲੋਕਾਂ ਨੂੰ ਫਾਇਦਾ ਹੋਇਆ ਹੈ। ਕੰਮਾਂ ਕਰ ਕੇ ਹੀ ਲੋਕ ਉਨ੍ਹਾਂ ਨਾਲ ਨੇੜਿਓਂ ਜੁੜੇ ਹੋਏ ਹਨ। ਬੀਬਾ ਬਾਦਲ ਨੂੰ ਸਿਆਸਤ ਦੀ ਗੁੜ੍ਹਤੀ ਵੱਡੇ ਬਾਦਲ ਸ. ਪ੍ਰਕਾਸ਼ ਸਿੰਘ ਬਾਦਲ ਤੋਂ ਮਿਲੀ ਹੈ ਤੇ ਉਹ ਵੀ ਬਾਦਲ ਸਾਹਿਬ ਦੇ ਪੂਰਨਿਆਂ 'ਤੇ ਚੱਲ ਕੇ ਲੋਕਾਂ ਨਾਲ ਰਾਬਤਾ ਕਾਇਮ ਕਰਦੇ ਹਨ। ਉਹ ਜਿਸ ਨੂੰ ਇਕ ਵਾਰ ਮਿਲ ਲੈਂਦੇ ਹਨ, ਉਹ ਉਨ੍ਹਾਂ ਦਾ ਹੀ ਹੋ ਜਾਂਦਾ ਹੈ। ਇਹੀ ਗੁਣ ਬਾਦਲ ਸਾਹਿਬ 'ਚ ਸਨ। ਬੀਬਾ ਬਾਦਲ ਨੇ ਆਪਣੇ ਵਿਰੋਧੀ 'ਆਪ'ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ 49,656 ਵੋਟਾਂ ਦੇ ਫਰਕ ਨਾਲ ਹਰਾਇਆ। ਹਰਸਿਮਰਤ ਨੂੰ ਹਲਕੇ 'ਚ 32.7 ਫੀਸਦੀ ਵੋਟਾਂ ਮਿਲੀਆਂ ਜਦਕਿ ਗੁਰਮੀਤ ਖੁੱਡੀਆ ਨੂੰ 28.4 ਫੀਸਦੀ ਵੋਟਾਂ ਹਾਸਲ ਹੋਈਆਂ। ਕਾਂਗਰਸ ਦੇ ਉਮੀਦਵਾਰ ਨੂੰ 17.5 ਫੀਸਦੀ ਤੇ ਭਾਜਪਾ ਦੀ ਉਮੀਦਵਾਰ ਪਰਮਪਾਲ ਕੌਰ ਨੂੰ 9.6 ਫੀਸਦੀ

ਵੋਟਾਂ ਨਾਲ ਸਬਰ ਕਰਨਾ ਪਿਆ। ਹਰਸਿਮਰਤ ਨੂੰ ਕੁੱਲ 3,76,558 ਵੋਟਾਂ, ਗੁਰਮੀਤ ਖੁੱਡੀਆ ਨੂੰ 3,26,902 , ਜੀਤ ਮਹਿੰਦਰ ਸਿੰਘ ਨੂੰ 2,02,011 ਅਤੇ ਪਰਮਪਾਲ ਕੌਰ ਨੂੰ 1,10,762 ਵੋਟਾਂ ਮਿਲੀਆਂ। ਬਠਿੰਡਾ ਦੇ 9 ਵਿਧਾਨ ਸਭਾ ਹਲਕਿਆਂ 'ਚ 5 'ਚੋਂ ਬੀਬਾ ਬਾਦਲ ਆਪਣੇ ਵਿਰੋਧੀਆਂ 'ਤੇ ਭਾਰੂ ਰਹੇ। ਲੰਬੀ ਵਿਧਾਨ ਸਭਾ ਹਲਕਾ, ਜਿਹੜਾ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜੱਦੀ ਹਲਕਾ ਹੈ, ਵਿਚੋਂ ਬੀਬਾ ਬਾਦਲ ਨੂੰ 23,264 ਵੋਟਾਂ ਦੀ ਵੱਡੀ ਲੀਡ ਮਿਲੀ। ਹਲਕਾ ਮੌੜ ਤੋਂ ਸਿਰਫ 252 ਵੋਟਾਂ ਦੀ ਹੀ ਲੀਡ ਸੀ ਪਰ ਫਿਰ ਵੀ ਉਹ ਖੁੱਡੀਆਂ ਤੋਂ ਅੱਗੇ ਰਹੇ। ਇਸੇ ਤਰ੍ਹਾਂ ਤਲਵੰਡੀ ਸਾਬੋ ਤੋਂ 3,283, ਭੁੱਚੋ ਮੰਡੀ ਤੋਂ 4,739, ਬਠਿੰਡਾ ਦਿਹਾਤੀ ਤੋਂ 10,875, ਬੁਢਲਾਡਾ ਹਲਕੇ ਤੋਂ 7,184 ਵੋਟਾਂ ਵੱਧ ਮਿਲੀਆਂ ਹਨ। ਸਰਦੂਲਗੜ੍ਹ ਤੋਂ 5,136 ਵੋਟਾਂ ਅਤੇ ਮਾਨਸਾ ਹਲਕੇ ਤੋਂ 6,946 ਵੋਟਾਂ ਦੇ ਫਰਕ ਨਾਲ ਬੀਬਾ ਬਾਦਲ ਪਛੜ ਗਏ। ਬਠਿੰਡਾ ਸ਼ਹਿਰੀ ਹਲਕੇ ਤੋਂ ਹੀ ਸਿਰਫ 'ਆਪ' ਦਾ ਉਮੀਦਵਾਰ ਬੀਬਾ ਬਾਦਲ ਤੋਂ 518 ਵੋਟਾਂ ਵੱਧ ਲੈ ਸਕਿਆ। ਬੀਬਾ ਬਾਦਲ ਨੇ ਬਠਿੰਡਾ ਹਲਕੇ ਤੋਂ ਚੌਥੀ ਵਾਰ ਧੜੱਲੇਦਾਰ ਜਿੱਤ ਹਾਸਲ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਾਲਵੇ 'ਚ ਬਚਾਅ ਲਿਆ ਅਤੇ ਵਰੋਧੀਆਂ ਦੇ ਮੂੰਹ ਵੀ ਬੰਦ ਕਰ ਦਿੱਤੇ। ਜੇ ਅਕਾਲੀ ਦਲ ਬਠਿੰਡਾ ਸੀਟ ਵੀ ਹਾਰ ਜਾਂਦਾ ਤਾਂ ਵਿਰੋਧੀਆਂ ਨੇ ਸਿਆਸੀ ਟਕੋਰਾਂ ਲਾ ਕੇ ਹੀ ਬਾਦਲਕਿਆਂ ਦਾ ਜਿਊਣਾ ਦੁੱਭਰ ਕਰ ਦੇਣਾ ਸੀ ਪਰ ਹੁਣ ਵਿਰੋਧੀ ਬਠਿੰਡਾ ਬਾਰੇ ਤਾਂ ਕੁਝ ਨਹੀਂ ਕਹਿ ਸਕਦੇ। ਬੀਬਾ ਬਾਦਲ ਦੀ ਜਿੱਤ ਦਾ ਮਾਲਵੇ 'ਚ ਤਾਂ ਪ੍ਰਭਾਵ ਰਹੇਗਾ ਅਤੇ ਉਹ ਮਿਹਨਤ ਕਰ ਕੇ ਮਾਲਵੇ 'ਚ ਅਕਾਲੀ ਦਲ ਨੂੰ ਮੁੜ ਸੁਰਜੀਤ ਕਰ ਸਕਦੇ ਹਨ। ਬੀਬਾ ਹਰਸਿਮਰਤ ਕੌਰ ਬਾਦਲ ਨੇ ਲੰਬੀ ਹਲਕੇ 'ਚ ਗੁਰਮੀਤ ਸਿੰਘ ਖੁੱਡੀਆਂ ਨੂੰ 23,264 ਵੋਟਾਂ ਦੇ ਫਰਕ ਨਾਲ ਹਰਾਇਆ। ਖੁੱਡੀਆਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 11,396 ਵੋਟਾਂ ਨਾਲ ਹਰਾਇਆ ਸੀ ਪਰ ਹੁਣ ਬੀਬਾ ਬਾਦਲ ਨੇ ਖੁੱਡੀਆਂ ਤੋਂ ਬਾਦਲ ਸਾਹਿਬ ਦੀ ਹਾਰ ਦਾ ਬਦਲਾ ਲੈ ਲਿਆ ਹੈ। ਦੋ ਸਾਲਾਂ ਦੇ ਅਰਸੇ ਦੌਰਾਨ ਹੀ ਲੰਬੀ ਹਲਕੇ ਦੇ ਲੋਕਾਂ ਨੇ ਆਪਣੀ ਪਿਛਲੀ ਗਲਤੀ ਸੁਧਾਰ ਕੇ ਖੁੱਡੀਆਂ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ ਕਿ ਹਲਕੇ ਦੇ ਲੋਕ ਬਾਦਲਾਂ ਨਾਲ ਹੀ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਸਮੁੱਚੀ ਮੁਹਿੰਮ ਦੌਰਾਨ ਅਕਾਲੀ ਦਲ ਦੇ ਸਾਰੇ ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ ਕਰਦੇ ਰਹੇ ਅਤੇ ਹਰਸਿਮਰਤ ਕੌਰ ਬਾਦਲ ਲਈ ਪ੍ਰਚਾਰ ਵਾਸਤੇ ਸਿਰਫ ਤਿੰਨ ਦਿਨ ਹੀ ਕੱਢ ਸਕੇ। ਪਹਿਲਾਂ ਸੁਖਬੀਰ ਬਾਦਲ 'ਪੰਜਾਬ ਬਚਾਓ'ਯਾਤਰਾ ਕਰਦੇ ਰਹੇ ਅਤੇ ਫਿਰ ਸਾਰੇ ਉਮੀਦਵਾਰਾਂ ਲਈ ਪ੍ਰਚਾਰ ਕਰਨ ਲੱਗ ਪਏ। ਹਲਕੇ 'ਚ ਸਿਰਫ ਹਰਸਿਮਰਤ ਕੌਰ ਬਾਦਲ ਹੀ ਡਟੇ ਰਹੇ। ਬੀਬਾ ਬਾਦਲ ਨੇ 9 ਵਿਧਾਨ ਸਭਾ ਹਲਕਿਆਂ 'ਚੋਂ 5 'ਚ ਆਪਣੇ ਵਿਰੋਧੀਆਂ ਨੂੰ ਪਛਾੜ ਕੇ ਸ਼ਾਨਦਾਰ ਜਿੱਤ ਹਾਸਲ ਕੀਤੀ। ਇਨ੍ਹਾਂ ਪੰਜਾਂ ਹਲਕਿਆਂ 'ਚ ਵੋਟਾਂ ਦੀ ਗਿਣਤੀ ਸਮੇਂ ਹਰੇਕ ਗੇੜ 'ਚ ਬੀਬੀ ਦੀ ਲੀਡ ਵਧਦੀ ਹੀ ਰਹੀ। ਭਾਜਪਾ ਉਮੀਦਵਾਰ ਤੇ ਸੀਨੀਅਰ ਅਕਾਲੀ ਲੀਡਰ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਬੀਬੀ ਪਰਮਪਾਲ ਕੌਰ ਨੂੰ ਬੀਬਾ ਹਰਸਿਮਰਤ ਬਾਦਲ ਨੇ 1,10,762 ਵੋਟਾਂ ਦੇ ਫਰਕ ਨਾਲ ਪਛਾੜਿਆ। ਬੀਬੀ ਪਰਮਪਾਲ ਕੌਰ ਆਈ. ਏ. ਐੱਸ. ਅਫਸਰ ਸੀ ਅਤੇ ਵੋਟਾਂ ਸਮੇਂ ਉਹ ਅਸਤੀਫਾ ਦੇ ਕੇ ਭਾਜਪਾ 'ਚ ਸ਼ਾਮਲ ਹੋ ਗਈ ਸੀ। ਲੋਕ ਕਹਿੰਦੇ ਸਨ ਕਿ ਬੀਬਾ ਹਰਸਿਮਰਤ ਕੌਰ ਨੂੰ ਮਲੂਕਾ ਸਾਹਿਬ ਦੀ ਨੂੰਹ ਹਾਰ ਦਾ ਮੂੰਹ ਵਿਖਾ ਸਕਦੀ ਹੈ ਕਿਉਂਕਿ ਹਿੰਦੂ ਵੋਟ ਉਸ ਨਾਲ ਜਾ ਸਕਦਾ ਹੈ ਪਰ ਬਠਿੰਡਾ ਦੇ ਹਿੰਦੂ ਵੋਟਰਾਂ ਨੇ ਵੀ ਅਕਾਲੀ ਦਲ ਵੱਲ ਹੀ ਰੁਖ ਰੱਖਿਆ।

ਲੋਕ ਸਭਾ ਚੋਣਾਂ ਜਿੱਤਣ ਵਾਲੇ ਪੰਜਾਬ ਦੇ ਚਾਰ ਵਿਧਾਇਕਾਂ ਨੂੰ 20 ਜੂਨ ਤਕ ਦੇਣਾ ਹੋਵੇਗਾ ਅਸਤੀਫਾ

ਏਜੰਸੀਆਂ

ਚੰਡੀਗੜ੍ਹ 12 ਜੂਨ। ਲੋਕ ਸਭਾ ਚੋਣਾਂ ਜਿੱਤਣ ਵਾਲੇ ਪੰਜਾਬ ਦੇ ਚਾਰ ਅਤੇ ਗੁਆਂਢੀ ਸੂਬੇ ਹਰਿਆਣਾ ਦੇ ਇਕ ਵਿਧਾਇਕ ਨੂੰ 20 ਜੂਨ ਤੋਂ ਪਹਿਲਾਂ ਆਪਣੇ ਵਿਧਾਇਕ ਦੇ ਅਹੁਦੇ ਤੋਂ ਅਸਤੀਫਾ ਦੇਣਾ ਹੋਵੇਗਾ।

ਇਹ ਕਾਨੂੰਨੀ ਤੌਰ 'ਤੇ ਬੇਹੱਦ ਜਰੂਰੀ ਹੈ ਕਿਉਂਕਿ ਸਾਰੇ ਲੋਕ ਸਭਾ ਸੰਸਦ ਮੈਂਬਰਾਂ ਦੀ ਚੋਣ ਸਬੰਧੀ ਨੋਟੀਫਿਕੇਸਨ 6 ਜੂਨ 2024 ਨੂੰ ਭਾਰਤ ਦੇ ਗਜਟ ਵਿਚ ਪ੍ਰਕਾਸ਼ਿਤ ਕੀਤੀ ਜਾਵੇਗੀ। ਇਨ੍ਹਾਂ ਦੇ ਅਸਤੀਫਿਆਂ ਤੋਂ ਬਾਅਦ ਚੋਣ ਕਮਿਸ਼ਨ ਜ਼ਿਮਨੀ ਚੋਣਾਂ ਲਈ ਅੱਗੇ ਦੀ ਕਾਰਵਾਈ ਸ਼ੁਰੂ ਕਰੇਗਾ। ਜਾਣਕਾਰੀ ਮੁਤਾਬਕ ਇਸ ਵਾਰ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਅਤੇ ਕਾਂਗਰਸ ਦੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਤੋਂ ਚੋਣ ਜਿੱਤੇ ਹਨ। ਇਹ ਦੋਵੇਂ ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਤੋਂ ਵਿਧਾਇਕ ਹਨ। ਇਸੇ ਤਰ੍ਹਾਂ ਸੰਗਰੂਰ ਤੋਂ ਚੋਣ ਜਿੱਤਣ ਵਾਲੇ ਆਮ ਆਦਮੀ ਪਾਰਟੀ ਦੇ ਮੰਤਰੀ ਗੁਰਮੀਤ ਸਿੰਘ ਬਰਨਾਲਾ ਤੋਂ ਵਿਧਾਇਕ ਹਨ ਜਦਕਿ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਹੁਸ਼ਿਆਰਪੁਰ ਤੋਂ ਚੋਣ ਲੜਨ ਵਾਲੇ ਰਾਜ ਕੁਮਾਰ ਚੱਬੇਵਾਲ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਹਨ। ਇਨ੍ਹਾਂ ਨੂੰ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ। ਇਸੇ ਤਰ੍ਹਾਂ ਗੁਆਂਢੀ ਸੂਬੇ ਹਰਿਆਣਾ ਵਿਚ ਕਾਂਗਰਸ ਦੇ ਵਰੁਣ ਚੌਧਰੀ ਅੰਬਾਲਾ ਜ਼ਿਲ੍ਹੇ ਦੇ ਮੁਲਾਨਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ ਜਦਕਿ ਹੁਣ ਉਹ ਲੋਕ ਸਭਾ ਲਈ ਚੁਣੇ ਗਏ ਹਨ। ਅਜਿਹੇ ਵਿਚ ਉਨ੍ਹਾਂ ਨੂੰ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਪਵੇਗਾ। ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਰੇ ਪੰਜ ਮੌਜੂਦਾ ਵਿਧਾਇਕਾਂ ਨੂੰ 20 ਜੂਨ 2024 ਤੋਂ ਪਹਿਲਾਂ ਸੂਬੇ ਦੀ ਵਿਧਾਨ ਸਭਾ ਤੋਂ ਅਸਤੀਫਾ ਦੇਣਾ ਹੋਵੇਗਾ ਨਹੀਂ ਤਾਂ ਸੰਬੰਧਤ ਲੋਕ ਸਭਾ ਸੀਟਾਂ ਜਿੱਥੇ ਉਪਰੋਕਤ ਪੰਜਾਂ ਆਗੂਆਂ ਨੂੰ 4 ਜੂਨ 2024 ਨੂੰ ਲੋਕ ਸਭਾ ਮੈਂਬਰ ਦੇ ਰੂਪ ਵਿਚ ਚੁਣਿਆ ਗਿਆ ਹੈ, ਨੂੰ ਖਾਲ੍ਹੀ ਐਲਾਨ ਦਿੱਤਾ ਜਾਵੇਗਾ। ਸਾਰੇ ਪਾਰਲੀਮੈਂਟ ਮੈਂਬਰਾਂ ਦੇ ਚੁਣੇ ਜਾਣ ਸੰਬੰਧੀ ਨੋਟੀਫਿਕੇਸ਼ਨ 6 ਜੂਨ 2024 ਨੂੰ ਭਾਰਤ ਦੇ ਗਜਟ ਵਿਚ ਪ੍ਰਕਾਸ਼ਤ ਕਰ ਦਿੱਤੀ ਗਈ ਹੈ। ਮਾਹਿਰਾਂ ਨੇ ਇਸ ਸੰਬੰਧ ਵਿਚ ਸਮਕਾਲੀ ਮੈਂਬਰਸ਼ਿਪ ਨਿਯਮ, 1950 ਦੇ ਨਿਯਮ 2 ਦਾ ਹਵਾਲਾ ਦਿੱਤਾ ਹੈ। ਜਿਸ ਨੂੰ ਭਾਰਤ ਦੇ ਰਾਸ਼ਟਰਪਤੀ ਨੇ ਭਾਰਤ ਦੇ ਸੰਵਿਧਾਨ ਦੀ ਧਾਰਾ 101 ਦੇ ਖੰਡ (2) ਅਤੇ ਧਾਰਾ 190 ਦੇ ਖੰਡ (2) ਵਲੋਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਤਿਆਰ ਕੀਤਾ ਹੈ। 1950 ਦੇ ਉਕਤ ਨਿਯਮ 2 ਵਿਚ ਇਹ ਪ੍ਰਬੰਧ ਹੈ ਕਿ ਇਹ ਮਿਆਦ ਜਿਸ ਦੇ ਸਮਾਪਤ ਹੋਣ 'ਤੇ ਕਿਸੇ ਅਜਿਹੇ ਵਿਅਕਤੀ ਦਾ ਸੰਸਦ ਵਿਚ ਸਥਾਨ ਖਾਲ੍ਹੀ ਹੋ ਜਾਵੇਗਾ।

ਮੋਟਰਸਾਈਕਲ ਓਵਰਟੇਕ ਕਰਨ ਮੌਕੇ ਵਾਪਰਿਆ ਭਿਆਨਕ ਹਾਦਸਾ

ਗੁਰਦਾਸਪੁਰ 12 ਜੂਨ। ਬੀਤੇ ਦਿਨ ਗੁਰਦਾਸਪੁਰ-ਸ਼੍ਰੀ ਹਰਗੋਬਿੰਦਪੁਰ ਰੋਡ 'ਤੇ ਪਿੰਡ ਬੱਬੇਹਾਲੀ ਵਿਖੇ ਇਕ ਮੋਟਰਸਾਈਕਲ ਚਾਲਕ ਵੱਲੋਂ ਦੂਸਰੇ ਮੋਟਰਸਾਈਕਲ ਨੂੰ ਓਵਰਟੇਕ ਕਰਨ ਮੌਕੇ ਵਾਪਰੇ ਸੜਕ ਹਾਦਸੇ ਵਿਚ ਇਕ ਨੌਜਵਾਨ ਦੀ ਮੌਤ ਹੋ ਗਈ, ਜਿਸਦੀ ਪਛਾਣ ਪਿੰਡ ਤਿੱਬੜ ਦੇ ਵਸਨੀਕ ਅਭਿਸ਼ੇਕ (25) ਪੁੱਤਰ ਬੂਟਾ ਰਾਮ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਅਭਿਸ਼ੇਕ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਗੁਰਦਾਸਪੁਰ ਵੱਲ ਨੂੰ ਜਾ ਰਿਹਾ ਸੀ ਤਾਂ ਜਦੋਂ ਉਹ ਪਿੰਡ ਬੱਬੇਹਾਲੀ ਦੇ ਮੋੜ ਨੇੜੇ ਪਹੁੰਚਿਆ ਤਾਂ ਇਕ ਹੋਰ ਮੋਟਰਸਾਈਕਲ ਨੂੰ ਓਵਰਟੇਕ ਕਰਦੇ ਸਮੇਂ ਅਚਾਨਕ ਸੰਤੁਲਨ ਵਿਗੜ ਗਿਆ, ਜਿਸ ਕਾਰਨ ਸੜਕ ਵਿਚ ਡਿੱਗਣ ਕਾਰਨ ਉਸ ਦੀ ਮੌਤ ਹੋ ਗਈ। ਮੌਕੇ 'ਤੇ ਸੜਕ ਸੁਰੱਖਿਆ ਫੋਰਸ ਨੇ ਪਹੁੰਚ ਕੇ ਉਸ ਨੂੰ ਹਸਪਤਾਲ ਪਹੁੰਚਾਇਆ ਪਰ ਜਖਮਾਂ ਦੀ ਤਾਬ ਨਾ ਸਹਾਰਦੇ ਹੋਏ ਉਹ ਦਮ ਤੋੜ ਗਿਆ। ਥਾਣਾ ਤਿੱਬੜ ਦੀ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ।

ਪੰਜਾਬ 'ਚ ਕੁੰਡੀ ਕੁਨੈਕਸ਼ਨ ਜਾਰੀ, ਪਾਵਰਕਾਮ ਨੇ ਪੇਸ਼ ਕੀਤੇ ਬਿਜਲੀ ਚੋਰੀ ਦੇ ਅੰਕੜੇ

ਚੰਡੀਗੜ੍ਹ 12 ਜੂਨ। ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ. ਐੱਸ. ਪੀ. ਸੀ. ਐੱਲ.) ਦੇ ਮੁਤਾਬਕ ਸੂਬੇ 'ਚ ਵਿੱਤੀ ਸਾਲ 2023-24 ਦੌਰਾਨ ਕੁੰਡੀ ਕੁਨੈਕਸ਼ਨਾਂ ਰਾਹੀਂ ਬਿਜਲੀ ਚੋਰੀ ਦੇ ਮਾਮਲਿਆਂ 'ਚ 112 ਫੀਸਦੀ ਵਾਧਾ ਦੇਖਿਆ ਗਿਆ ਹੈ। ਸੰਗਰੂਰ ਨਾਲ ਸਬੰਧਿਤ ਕਮਲ ਆਨੰਦ ਨੂੰ ਸੂਚਨਾ ਦੇ ਅਧਿਕਾਰ ਤਹਿਤ ਮੁਹੱਈਆ ਕਰਵਾਈ ਗਈ ਜਾਣਕਾਰੀ ਮੁਤਾਬਕ ਪਾਵਰਕਾਮ ਨੂੰ ਪਿਛਲੇ ਵਿੱਤੀ ਸਾਲ ਦੌਰਾਨ ਬਿਜਲੀ ਚੋਰੀ ਅਤੇ ਅਣ-ਅਧਿਕਾਰਤ ਕੁਨੈਕਸ਼ਨਾਂ ਜਾਂ ਕੁੰਡੀ ਕੁਨੈਕਸ਼ਾਂ ਕਾਰਨ 184 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਨ੍ਹਾਂ 'ਚੋਂ ਪਾਵਰਕਾਮ ਨੇ ਉਲੰਘਣਾ ਕਰਨ ਵਾਲੇ ਲੋਕਾਂ ਤੋਂ ਜੁਰਮਾਨੇ ਦੇ ਰੂਪ 'ਚ 164 ਕਰੋੜ ਰੁਪਏ ਵਸੂਲ ਕੀਤੇ। ਪਾਵਰਕਾਮ ਨੇ ਸੂਬੇ ਨੂੰ 5 ਜੋਨਾਂ 'ਚ ਵੰਡਿਆ ਹੈ ਅਤੇ 2020-21 'ਚ ਕੁੱਲ 7.97 ਲੱਖ ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ। ਇਸ 'ਚ ਵੱਖ-ਵੱਖ ਕਾਰਨਾਂ ਕਰਕੇ ਹੋਏ ਬਿਜਲੀ ਦੇ ਨੁਕਸਾਨ ਕਾਰਨ 130 ਕਰੋੜ ਰੁਪਏ ਦੀ ਬਿਜਲੀ ਲੀਕ ਹੋਣ ਤਾ ਪਤਾ ਲੱਗਿਆ, ਜਦੋਂ ਕਿ ਰਿਕਵਰੀ ਦੇ ਤੌਰ '